ਬਿਨਾਂ ਸ਼ੱਕ ਅਸੀਂ ਇਹ ਕਹਿ ਸਕਦੇ ਹਾਂ ਕਿ ਵਧਦੀ ਉਮਰ ਬਿਮਾਰੀਆਂ ਦਾ ਘਰ ਹੁੰਦਾ ਹੈ। ਜਿਵੇਂ-ਜਿਵੇਂ ਸਾਡੀ ਉਮਰ ਵਧਦੀ ਜਾਂਦੀ ਹੈ, ਜ਼ਿੰਦਗੀ ਤੋਂ ਮਿਲਣ ਵਾਲੇ ਅਣਗਿਣਤ ਤਜਰਬੇ ਦੇ ਨਾਲ-ਨਾਲ ਬਿਮਾਰੀਆਂ ਦੇ ਬਾਰੇ ਵਿਚ ਜਾਣਕਾਰੀ ਵੀ ਵਧਦੀ ਰਹਿੰਦੀ ਹੈ। ਸਿਰ ਦਰਦ, ਕਮਰ ਦਰਦ, ਪੈਰਾਂ ਵਿਚ ਦਰਦ, ਅੱਖਾਂ ਦੀ ਪ੍ਰੇਸ਼ਾਨੀ, ਸੁਣਨ ਵਿਚ ਤਕਲੀਫ਼ ਇਹ ਬਿਮਾਰੀਆਂ ਤਾਂ ਆਮ ਹਨ। ਹਰ ਘਰ ਵਿਚ ਕੋਈ ਨਾ ਕੋਈ ਬਜ਼ੁਰਗ ਰੋਗੀ ਜ਼ਰੂਰ ਦੇਖਣ ਨੂੰ ਮਿਲਦਾ ਹੈ। ਬਿਮਾਰੀਆਂ ਦੇ ਚਲਦਿਆਂ ਦਵਾਈਆਂ ਕਦੇ ਵੀ ਘਰ ਵਿਚੋਂ ਘਟ ਹੋਣ ਦਾ ਨਾਂਅ ਨਹੀਂ ਲੈਂਦੀਆਂ। ਪਰ ਕੀ ਤੁਸੀਂ ਜਾਣਦੇ ਹੋ ਕਿ ਦਵਾਈਆਂ ਦਾ ਅਧਿਕ ਸੇਵਨ ਤੁਹਾਨੂੰ ਕੁਝ ਸਮੇਂ ਲਈ ਰਾਹਤ ਤਾਂ ਦੇ ਸਕਦਾ ਹੈ ਪਰ ਤੁਹਾਡੀ ਸੁਣਨ ਦੀ ਆਦਤ ਨੂੰ ਖੋਖਲਾ ਕਰਦਾ ਚਲਾ ਜਾਂਦਾ ਹੈ। ਦਵਾਈਆਂ ਸਾਡੇ ਜੀਵਨ ਨੂੰ ਲੰਮੇ ਸਮੇਂ ਤੱਕ ਬੇਕਾਰ ਕਰਦੀਆਂ ਜਾਂਦੀਆਂ ਹਨ। ਇਥੇ ਇਹ ਦੱਸਣਾ ਵੀ ਠੀਕ ਹੋਵੇਗਾ ਕਿ ਮੋਟਾਪਾ ਵੀ ਸੁਣਨ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ। ਖੁਰਾਕ ਜੋ ਕਿ ਤੰਦਰੁਸਤੀ ਲਈ ਅਹਿਮ ਭੂਮਿਕਾ ਨਿਭਾਉਂਦੀ ਹੈ, ਉਸ ਵਿਚ ਵੀ ਜੇਕਰ ਕੈਲੋਰੀ ਕੰਟਰੋਲ ਨਾ ਕੀਤਾ ਜਾਏ ਤਾਂ ਸੁਣਨ ਦੀ ਤਾਕਤ ਪ੍ਰਭਾਵਿਤ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਸਭ ਤੋਂ ਪਹਿਲਾਂ ਅਸੀਂ ਜਾਣਦੇ ਹਾਂ ਕਿ ਦਵਾਈਆਂ ਆਖਰ ਸੁਣਨ ਸ਼ਕਤੀ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਅਜਿਹੀਆਂ ਕਈ ਬਿਮਾਰੀਆਂ ਜਿਵੇਂ ਬੁਖਾਰ, ਸਿਰ ਦਰਦ, ਬਦਨ ਦਰਦ, ਤਣਾਅ, ਦਿਲ ਦੀਆਂ ਬਿਮਾਰੀਆਂ, ਸ਼ੂਗਰ, ਬਲੱਡ ਪ੍ਰੈਸ਼ਰ, ਅਰਥਰਾਇਟਿਸ ਜਿਨ੍ਹਾਂ ਦੇ ਲਈ ਦਵਾਈਆਂ ਦਾ ਸੇਵਨ ਕੀਤਾ ਜਾਂਦਾ ਹੈ। ਜਵਾਨੀ ਵਿਚ ਸਰੀਰ ਅੰਦਰਲੇ ਸੈੱਲਾਂ ਵਿਚ ਏਨੀ ਤਾਕਤ ਹੁੰਦੀ ਹੈ ਕਿ ਉਹ ਕਿਸੇ ਵੀ ਬਿਮਾਰੀ ਨਾਲ ਲੜਨ ਦੀ ਸਮਰੱਥਾ ਰੱਖਦੇ ਹਨ। ਪਰ ਉਮਰ ਦੇ ਢਲਣ ਨਾਲ ਦਵਾਈਆਂ ਦੇ ਮਾੜੇ ਪ੍ਰਭਾਵ ਨਜ਼ਰ ਆਉਣ ਲਗਦੇ ਹਨ। ਪਹਿਲਾਂ ਜ਼ਿਆਦਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ ਪਰ ਬਾਅਦ ਵਿਚ ਜ਼ਿੰਦਗੀ ਹੀ ਜਿਵੇਂ ਦਵਾਈਆਂ ਸਹਾਰੇ ਚੱਲਣ ਲਗਦੀ ਹੈ। ਅਜਿਹੀਆਂ ਅਨੇਕਾਂ ਦਵਾਈਆਂ ਹਨ ਜਿਨ੍ਹਾਂ ਵਿਚ ਨਾਨ-ਸਟੀਰਾਇਡਲ, ਐਂਟੀ ਇਨਫਲਾਮੇਂਟਰੀ ਡਰੱਗਸ, ਜਿਵੇਂ ਐਸਪ੍ਰੀਨ ਜਾਂ ਕੁਝ ਐਂਟੀ ਡਿਪ੍ਰੈਸ਼ਨ ਅਤੇ ਐਂਟੀ ਐਨਜਾਇਟੀ ਦਵਾਈਆਂ ਵੀ ਹਨ, ਜਿਨ੍ਹਾਂ ਦਾ ਸੇਵਨ ਲੋਕ ਬਿਨਾਂ ਇਹ ਜਾਣਿਆਂ ਕਰਦੇ ਰਹਿੰਦੇ ਹਨ ਕਿ ਇਹ ਸੁਣਨ ਦੀ ਤਾਕਤ ਨੂੰ ਕਿਸ ਹੱਦ ਤੱਕ ਪ੍ਰਭਾਵਿਤ ਕਰ ਸਕਦਾ ਹੈ। ਇਸ ਨਾਲ ਨੁਕਸਾਨ ਇਹ ਵੀ ਹੁੰਦਾ ਹੈ ਕਿ ਤੁਹਾਡੇ ਸੁਣਨ ਦੀ ਸਮਰੱਥਾ ਘੱਟ ਹੁੰਦੀ ਰਹਿੰਦੀ ਹੈ। ਉਤੋਂ ਉਮਰ ਦੇ ਵਧਣ ਨਾਲ ਸੁਣਨ ਸ਼ਕਤੀ ਕਿਵੇਂ ਨਾ ਪ੍ਰਭਾਵਿਤ ਹੋਵੇ। ਅਜਿਹੀ ਹਾਲਤ ਵਿਚ ਤੁਹਾਨੂੰ ਲੋੜ ਹੈ ਕਿ ਜਿਥੇ ਬਿਨਾਂ ਦਵਾਈ ਲੈਣ ਦੇ ਸਰ ਸਕੇ, ਉਥੇ ਦਵਾਈ ਨਾ ਲਈ ਜਾਵੇ, ਜਿਵੇਂ ਮਾਮੂਲੀ ਸਿਰ ਦਰਦ, ਬਦਨ ਦਰਦ ਆਦਿ ਦੀ ਸਮੱਸਿਆ ਆਉਣ 'ਤੇ ਬਿਲਕੁਲ ਦਵਾਈ ਨਾ ਲਉ। ਆਪਣਾ ਖਾਣ-ਪੀਣ ਸਹੀ ਰੱਖਣ ਦੀ ਕੋਸ਼ਿਸ਼ ਕਰੋ। ਕਿਉਂਕਿ ਸਹੀ ਖਾਣ-ਪੀਣ ਨਾਲ ਅੱਧੀਆਂ ਬਿਮਾਰੀਆਂ ਦੂਰ ਹੋ ਜਾਂਦੀਆਂ ਹਨ। ਡਾਕਟਰ ਦੀ ਸਲਾਹ ਨਾਲ ਦਵਾਈਆਂ ਬੰਦ ਕਰੋ ਜਾਂ ਘੱਟ ਕਰ ਦਿਉ ਜੇਕਰ ਤੁਸੀਂ ਬੁਢੇ ਹੋਣ ਤੱਕ ਬੋਲੇਪਣ ਦਾ ਸ਼ਿਕਾਰ ਨਹੀਂ ਹੋਣਾ ਚਾਹੁੰਦੇ। ਇਥੇ ਤੁਹਾਨੂੰ ਇਹ ਕਿਹਾ ਜਾਏ ਕਿ ਖਾਣ-ਪੀਣ ਦਾ ਸਹੀ ਖਿਆਲ ਰੱਖੋ ਕਿਉਂਕਿ ਇਹ ਤੁਹਾਡੀ ਸੁਣਨ ਦੀ ਸਮਰਥਾ ਨੂੰ ਵਧਾਉਣ ਵਿਚ ਕਾਰਗਰ ਸਾਬਤ ਹੁੰਦਾ ਹੈ, ਉਥੇ ਇਹ ਵੀ ਧਿਆਨ ਰੱਖੋ ਕਿ ਤੁਸੀਂ ਏਨਾ ਨਾ ਖਾ ਜਾਓ ਕਿ ਮੋਟਾਪੇ ਦਾ ਸ਼ਿਕਾਰ ਹੋਣਾ ਪੈ ਜਾਵੇ ਕਿਉਂਕਿ ਮੋਟਾਪਾ ਵੀ ਬੋਲੇਪਨ ਨਾਲ ਸਿੱਧਾ ਸਬੰਧ ਰੱਖਦਾ ਹੈ। ਦਿਮਾਗ ਦੇ ਟੈਪਰੋਲ ਲੋਬ ਵਾਲੇ ਹਿੱਸੇ ਦੇ ਟਿਸ਼ੂ ਹੀ ਸੁਣਨ ਦੀ ਸਮਰੱਥਾ ਬੋਲਣ ਦੀ ਸ਼ਕਤੀ ਭਾਸ਼ਾ ਦੀ ਯਾਦਦਾਸ਼ਤ ਆਦਿ 'ਤੇ ਕੰਟਰੋਲ ਕਰਦੇ ਹਨ।


ਮੋਟਾਪਾ ਜਿਸ ਤਰ੍ਹਾਂ ਦਿਮਾਗ ਨੂੰ ਪ੍ਰਭਾਵਿਤ ਕਰਦਾ ਹੈ। ਜੇਕਰ ਅਸੀਂ ਇਹ ਕਹੀਏ ਕਿ ਭਾਰ ਵਧਣ ਕਾਰਨ ਸਰੀਰ ਵਿਚ ਫਰੀ ਰੈਡੀਕਲਸ ਦੀ ਗਿਣਤੀ ਵਧ ਜਾਂਦੀ ਹੈ ਤਾਂ ਗ਼ਲਤ ਨਹੀਂ ਹੋਵੇਗਾ। ਦੂਸਰੀ ਗੱਲ ਇਹ ਕਿ ਮੋਟਾਪਾ ਅਜਿਹੇ ਨੁਕਸਾਨਦੇਹ ਤੱਤਾਂ ਦਾ ਨਿਰਮਾਣ ਕਰਦਾ ਹੈ ਜੋ ਦਿਮਾਗ ਦੇ ਟਿਸ਼ੂ 'ਤੇ ਅਸਰ ਕਰਦਾ ਹੈ। ਇਕ ਸੰਭਾਵਨਾ ਇਹ ਵੀ ਹੋ ਸਕਦੀ ਹੈ ਕਿ ਜਿਸ ਕਾਰਨ ਦਿਮਾਗ ਨੂੰ ਸਹੀ ਤਰ੍ਹਾਂ ਆਕਸੀਜਨ ਨਹੀਂ ਮਿਲਦੀ। ਮੋਟਾਪੇ ਦੇ ਸੰਦਰਭ ਵਿਚ ਗੱਲਾਂ ਤੁਹਾਨੂੰ ਘੱਟ ਖਾਣ ਲਈ ਪ੍ਰੇਰਿਤ ਕਰਦੀਆਂ ਨਜ਼ਰ ਆਉਂਦੀਆਂ ਹਨ। ਪਰ ਤੁਸੀਂ ਖਾਣਾ ਘੱਟ ਨਾ ਕਰੋ। ਸਿਰਫ਼ ਜ਼ਰੂਰੀ ਹੀ ਖਾਉ। ਇਸ ਦੇ ਨਾਲ ਹੀ ਵਧ ਕੈਲੋਰੀਯੁਕਤ ਭੋਜਨ ਤੋਂ ਬਚੋ। ਘੱਟ ਕੈਲੋਰੀ ਅਤੇ ਨਿਊਟਰੀਐਂਟ ਭੋਜਨ ਲੈਣ ਨਾਲ 50 ਫ਼ੀਸਦੀ ਤੱਕ ਜ਼ਿੰਦਗੀ ਵਧ ਸਕਦੀ ਹੈ। ਕੈਲੋਰੀ ਘੱਟ ਕਰਨ ਨਾਲ ਇਨਸਾਨ ਹੀ ਨਹੀਂ ਸਗੋਂ ਸਾਰੇ ਪ੍ਰਾਣੀਆਂ ਦਾ ਜੀਵਨ ਕਾਲ ਵੀ ਵਧ ਜਾਂਦਾ ਹੈ।

ਜੇਕਰ ਅਸੀਂ ਹਰ ਰੋਜ਼ 1700-1800 ਭਾਵ ਖਾਣ-ਪੀਣ ਵਿਚ 30 ਫ਼ੀਸਦੀ ਤੋਂ ਘੱਟ ਕੈਲੋਰੀ ਲਈਏ ਤਾਂ ਸਾਡੇ ਸੁਣਨ ਦੀ ਸ਼ਕਤੀ ਬਿਹਤਰ ਹੋ ਸਕਦੀ ਹੈ। ਘੱਟ ਕੈਲੋਰੀ ਨਾਲ ਮੋਟਾਪਾ ਘੱਟ ਤੇ ਨਾਲ ਦਿਮਾਗ ਦੇ ਕਈ ਫਾਇਦੇ। ਅਖੀਰ ਵਿਚ ਅਸੀਂ ਕਹਿ ਸਕਦੇ ਹਾਂ ਕਿ ਖਾਣ-ਪੀਣ ਵਿਚ ਸਾਵਧਾਨੀ ਦੇ ਨਾਲ ਨਾ ਸਿਰਫ਼ ਮੋਟਾਪੇ ਤੋਂ ਬਚਾਂਗੇ, ਸਗੋਂ ਬੋਲੇਪਣ ਤੋਂ ਵੀ ਬਚ ਸਕਦੇ ਹਾਂ। ਖਾਣ-ਪੀਣ ਵਿਚ ਉਹ ਹੀ ਵਸਤਾਂ ਸ਼ਾਮਿਲ ਕਰੋ ਜੋ ਸਿਹਤ ਲਈ ਵੀ ਠੀਕ ਹੋਣ ਤੇ ਸੁਣਨ ਸ਼ਕਤੀ ਦੀ ਸਮਰੱਥਾ ਲਈ ਵੀ ਲਾਹੇਵੰਦ ਹੋਣ। ਕਹਿਣ ਦਾ ਮਤਲਬ ਥੋੜ੍ਹੀ ਜਿਹੀ ਸਾਵਧਾਨੀ ਨਾਲ ਉਮਰ ਭਰ ਦੀਆਂ ਪ੍ਰੇਸ਼ਾਨੀਆਂ ਦੂਰ ਹੋ ਸਕਦੀਆਂ ਹਨ।

ਦਿਲ ਦੇ ਰੋਗਾਂ ਤੋਂ ਕਿਵੇਂ ਬਚੀਏ ?

ਦਿਲ ਦੇ ਰੋਗਾਂ ਤੋਂ ਬਚਣ ਲਈ ਅਨੇਕਾਂ ਹੀ ਖੋਜਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੇ ਤਜਰਬੇ ਬਾਂਦਰਾਂ ਉਪਰ ਕੀਤੇ ਗਏ ਹਨ। ਬਾਂਦਰਾਂ ਦੀ ਖੁਰਾਕ ਆਮ ਤੌਰ 'ਤੇ ਹਲਕੀ-ਫੁਲਕੀ ਹੁੰਦੀ ਹੈ ਜਿਸ ਵਿਚ ਫਲ, ਨਟਸ, ਬੈਰੀਜ਼ ਅਤੇ ਗਰੇਨਜ਼ ਆਦਿ ਸ਼ਾਮਿਲ ਹਨ। ਪਰ ਡਾ: ਟੇਲਰ (ਅਮਰੀਕਾ) ਅਤੇ ਉਨ੍ਹਾਂ ਦੀ ਟੀਮ ਦੀ ਅਗਵਾਈ ਵਿਚ ਬਾਂਦਰਾਂ ਨੂੰ ਅਜਿਹਾ ਭਾਰਾ ਖਾਣਾ ਖਾਣ ਲਈ ਮਜਬੂਰ ਕੀਤਾ ਗਿਆ ਜੋ ਬਹੁਤ ਸਾਰੇ ਅਮਰੀਕਨਾਂ ਦੀ ਰੋਜ਼ਾਨਾ ਡਾਈਟ ਵਿਚ ਹੁੰਦਾ ਹੈ ਤਾਂ ਡਾ: ਟੇਲਰ ਅਤੇ ਉਨ੍ਹਾਂ ਦੀ ਟੀਮ ਨੇ ਇਹ ਪਾਇਆ ਕਿ ਬਾਂਦਰਾਂ ਵਿਚ ਹੋਣ ਵਾਲੀ ਕੋਰੋਨਰੀ ਹਾਰਟ ਡਿਸੀਜ਼ ਬਿਲਕੁਲ ਉਹੋ ਜਿਹੀ ਸੀ ਜਿਹੋ ਜਿਹੀ ਇਨਸਾਨਾਂ ਵਿਚ ਪਾਈ ਜਾਂਦੀ ਹੈ।

ਇਸ ਕੰਮ ਲਈ ਡਾ: ਸਟਰਾਂਗ ਫਲੋਰਾ ਯੂਨੀਵਰਸਿਟੀ ਨੇ 30 ਬਾਂਦਰਾਂ 'ਤੇ ਪ੍ਰਯੋਗ ਕੀਤਾ, ਉਨ੍ਹਾਂ ਨੂੰ 40 ਫੀਸਦੀ ਫੈਟ ਅਤੇ ਹਾਈ ਕੋਲੈਸਟਰੋਲ ਡਾਈਟ ਤੇ ਰੱਖਿਆ ਗਿਆ ਜੋ ਵਧਦੇ-ਵਧਦੇ 140 ਮਿ. ਗ੍ਰਾ. ਤੋਂ 700 ਮਿ. ਗ੍ਰਾ. ਤੱਕ ਪਹੁੰਚ ਗਈ। ਸਤਾਰਾਂ ਮਹੀਨਿਆਂ ਬਾਅਦ ਦਸ ਬਾਂਦਰ ਤਾਂ ਭਗਵਾਨ ਨੂੰ ਪਿਆਰੇ ਹੋ ਗਏ। ਜਿਸ ਦਾ ਕਾਰਨ ਉਨ੍ਹਾਂ ਦੀਆਂ ਸ਼ਿਰਾਵਾਂ ਵਿਚ ਰੁਕਾਵਟ ਆਉਣਾ ਅਤੇ ਮੈਸਿਵ ਹਾਰਟ ਅਟੈਕ ਸੀ। ਬਾਕੀ ਦੇ ਬਾਂਦਰਾਂ ਦੀ ਖੁਰਾਕ ਘਟਾ ਕੇ ਉਨ੍ਹਾਂ ਦੀ ਕੋਲੈਸਟਰੋਲ 140 ਮਿ. ਗ੍ਰਾ. ਕੀਤੀ ਗਈ ਤੇ ਉਨ੍ਹਾਂ ਦੀ ਖੁਰਾਕ ਫਰੂਟਸ, ਨਟਸ ਅਤੇ ਬੈਰੀਜ਼ ਨੂੰ ਸ਼ਾਮਿਲ ਕੀਤਾ ਗਿਆ ਤਾਂ ਕੁਝ ਮਹੀਨੇ ਵਿਚ ਉਨ੍ਹਾਂ ਦੀਆਂ ਸ਼ਿਰਾਵਾਂ ਦੀ ਰੁਕਾਵਟ ਮੈਲਟ ਕਰ ਗਈ ਅਤੇ ਉਹ ਕੋਰੋਨਰੀ ਹਾਰਟ ਡਿਸੀਜ਼ ਦੇ ਖਤਰੇ 'ਚੋਂ ਬਾਹਰ ਨਿਕਲ ਆਏ। ਇਸ ਲਈ ਦਿਲ ਦੇ ਰੋਗਾਂ ਤੋਂ ਬਚਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਕੋਲੈਸਟਰੋਲ ਲੈਵਲ 160 ਮਿ. ਗ੍ਰਾ. ਤੋਂ 180 ਮਿਲੀਗ੍ਰਾਮ ਤੱਕ ਰੱਖਿਆ ਜਾਵੇ। ਜੇ ਇਹ ਵੱਧ ਰਹੇਗਾ ਤਾਂ ਥੋੜ੍ਹਾ ਵੱਧ ਖਾਣ 'ਤੇ ਵੀ ਵਿਅਕਤੀ ਦਾ ਫੁਰਤੀਲਾਪਨ ਘੱਟ ਜਾਵੇਗਾ ਤੇ ਉਹ ਭਾਰਾਪਨ ਮਹਿਸੂਸ ਕਰਦਾ ਹੈ। ਇਸ ਲਈ ਜੇਕਰ ਕੋਲੈਸਟਰੋਲ ਘੱਟ ਹੋਵੇਗਾ ਤਾਂ ਕਦੀ-ਕਦੀ ਭਾਰੇ ਖਾਣੇ ਦਾ ਮਜ਼ਾ ਵੀ ਲਿਆ ਜਾ ਸਕਦਾ ਹੈ। ਫਿਰ ਆਉਂਦਾ ਹੈ ਬਲੱਡ ਪ੍ਰੈਸ਼ਰ ਜਿਸ ਨੂੰ ਉਮਰ ਦੇ ਹਿਸਾਬ ਨਾਲ (130-80) ਕਰਨਾ ਬਹੁਤ ਜ਼ਰੂਰੀ ਹੈ। ਬਲੱਡ ਪ੍ਰੈਸ਼ਰ ਵਧਣ ਦੇ ਵੀ ਬਹੁਤ ਕਾਰਨ ਹੁੰਦੇ ਹਨ ਜਿਨ੍ਹਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਜਾਣਾ ਚਾਹੀਦਾ ਹੈ ਅਤੇ ਹੋਮਿਓਪੈਥੀ ਵਿਚ ਅਲਾਮਤਾਂ ਦੇ ਆਧਾਰ 'ਤੇ ਅੌਸ਼ਧੀਆਂ ਬਲੱਡ ਪ੍ਰੈਸ਼ਰ ਨੂੰ ਸਥਾਈ ਤੌਰ 'ਤੇ ਕੰਟਰੋਲ ਕਰਨ ਵਿਚ ਸਮਰੱਥ ਸਿੱਧ ਹੋਈਆਂ ਹਨ। ਫਿਰ ਹੈ ਸ਼ੂਗਰ ਜਿਸ ਦੇ ਵਧਣ ਨਾਲ ਜਿਥੇ ਗੁਰਦੇ, ਦਿਲ, ਦਿਮਾਗ, ਅੱਖਾਂ ਦੀ ਰੌਸ਼ਨੀ ਅਤੇ ਹੋਰ ਮੁੱਖ ਅੰਗਾਂ 'ਤੇ ਬੁਰਾ ਅਸਰ ਪੈਂਦਾ ਹੈ, ਉਥੇ ਕੋਰੋਨਰੀ ਹਾਰਟ ਡਿਸੀਜ਼ ਦਾ ਖਤਰਾ ਵੀ ਵਧ ਜਾਂਦਾ ਹੈ।



ਆਰਟਰੀਜ਼ ਵਿਚ ਰੁਕਾਵਟ ਆਉਣ ਨਾਲ ਦਿਲ ਨੂੰ ਖੂਨ ਦੀ ਪੂਰਤੀ ਘਟ ਜਾਂਦੀ ਹੈ। ਸ਼ੂਗਰ ਘਟਣ ਨਾਲ ਹਾਰਟ ਫੇਲ੍ਹ ਹੋਣ ਦੇ ਖਤਰੇ ਵੀ ਵਧ ਜਾਂਦੇ ਹਨ। ਇਸ ਲਈ ਸ਼ੂਗਰ ਨਾ ਵਧਣੀ ਚਾਹੀਦੀ ਹੈ ਅਤੇ ਨਾ ਹੀ ਘਟਣੀ ਚਾਹੀਦੀ ਹੈ। ਫਿਰ ਆਉਂਦਾ ਹੈ ਯੂਰਿਕ ਐਸਿਡ ਜਿਸ ਨੂੰ ਆਮ ਤੌਰ 'ਤੇ ਜੋੜਾਂ ਦੇ ਦਰਦਾਂ ਦਾ ਕਾਰਨ ਹੀ ਮੰਨਿਆ ਜਾਂਦਾ ਹੈ ਪਰ ਯੂਰਿਕ ਐਸਿਡ ਡਾਇਆਬੀਮੀਜ਼ ਰੋਗੀ ਦੇ ਕਈ ਵਾਰ ਦਿਲ ਵਿਚ ਅਸਹਿ ਦਰਦ ਉਠਦਾ ਹੈ ਜੋ ਦਿਲ ਤੋਂ ਉਠ ਕੇ ਸਿਰ ਵੱਲ ਨੂੰ ਜਾਂਦਾ ਹੈ। ਦਿਲ ਕੰਬਦਾ ਮਹਿਸੂਸ ਹੁੰਦਾ ਹੈ ਅਤੇ ਦਰਦ ਕਈ ਵਾਰ ਪਿੱਠ ਵਿਚ ਵੀ ਆ ਜਾਂਦੀ ਹੈ।ਹੋਮਿਓਪੈਥਿਕ ਦਵਾਈਆਂ ਇਨ੍ਹਾਂ ਅਲਾਮਤਾਂ ਨੂੰ ਮੁਕੰਮਲ ਤੌਰ 'ਤੇ ਦੂਰ ਕਰਦੀਆਂ ਹਨ। ਹੋਮਿਓਪੈਥਿਕ ਦਵਾਈਆਂ ਜਿਥੇ ਦਿਲ ਨੂੰ ਤਕੜਾ ਕਰਦੀਆਂ ਹਨ, ਉਥੇ ਸ਼ਿਰਾਵਾਂ ਨੂੰ ਸਾਫ਼ ਕਰਕੇ ਉਨ੍ਹਾਂ ਦੀ ਗੁਆਚ ਚੁੱਕੀ ਨਰਮੀ ਅਤੇ ਲਚਕ ਨੂੰ ਬਰਕਰਾਰ ਕਰਦੀਆਂ ਹਨ।

ਸੱਜੀ ਵੱਖੀ ਵਿਚ ਦਰਦ ਕਿਉਂ ?

ਸੱਜੀ ਵੱਖੀ ਵਿਚ ਦਰਦ ਕਿਉਂ ਹੁੰਦੀ ਹੈ। ਇਸ ਦੇ ਕੀ ਕਾਰਨ ਹਨ। ਇਸ ਦਾ ਇਲਾਜ ਕੀ ਹੈ ?

* ਪੇਟ ਦੇ ਸੱਜੇ ਪਾਸੇ, ਪਸਲੀਆਂ ਦੇ ਥੱਲੇ ਤੇ ਚੂਲੇ ਦੀ ਹੱਡੀ ਦੇ ਉਪਰ ਧੁੰਨੀ ਦੇ ਸੱਜੇ ਪਾਸੇ ਦੀ ਜਗ੍ਹਾ ਨੂੰ ਅਸੀਂ 'ਸੱਜੀ ਵੱਖੀ' ਦਾ ਨਾਂਅ ਦਿੰਦੇ ਹਾਂ। ਸੱਜੀ ਵੱਖੀ ਵਿਚ ਤੇਜ਼ ਦਰਦ ਹੋਣ ਦੇ ਕਾਰਨ ਹਨ

• ਪਿੱਤੇ ਦੀ ਸੋਜ ਤੇ ਪੱਥਰੀ, • ਸੱਜੇ ਗੁਰਦੇ ਦੀ ਦਰਦ, • ਨਾੜ ਦੇ ਫੁੱਲ ਜਾਣਾ, • ਸੱਜੇ ਪਾਸੇ ਅੰਤੜੀਆਂ ਦੀ ਸੋਜ, • ਅੰਡੇਦਾਨੀ ਦੀ ਸੋਜ।

ਜਦੋਂ ਵੀ ਕਿਸੇ ਨੂੰ ਪੇਟ ਦੇ ਸੱਜੇ ਪਾਸੇ ਦਰਦ ਹੋਵੇ ਤਾਂ ਸਭ ਤੋਂ ਪਹਿਲਾਂ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਦਰਦ ਦਾ ਕਾਰਨ ਕੀ ਹੈ ? ਇਹ ਉਪਰ ਲਿਖੇ ਕਾਰਨਾਂ ਵਿਚੋਂ ਕਿਸ ਤਰ੍ਹਾਂ ਦੀ ਦਰਦ ਹੈ। ਬਹੁਤ ਤੇਜ਼ ਦਰਦ ਵਿਚ ਦਰਦ ਨਿਵਾਰਕ ਦਵਾਈਆਂ ਲੈ ਕੇ ਪੇਟ ਦੇ ਮਾਹਿਰ ਡਾਕਟਰ ਦਾ ਮਸ਼ਵਰਾ ਬਹੁਤ ਜ਼ਰੂਰੀ ਹੈ।

ਲੱਛਣ : • ਉਲਟੀ ਆਉਣਾ, • ਦਿਲ ਘਬਰਾਉਣ ਤੇ ਉਲਟੀ ਆਉਣਾ • ਮੂੰਹ ਸੁੱਕਣਾ, • ਦਰਦ ਦਾ ਪਿੱਠ ਵੱਲ ਜਾਣਾ, • ਭੁੱਖ ਨਾ ਲੱਗਣਾ • ਸਰੀਰ ਦਾ ਤਰੇਲੋ-ਤਰੇਲੀ ਹੋ ਜਾਣਾ, • ਵਾਰ-ਵਾਰ ਤੇ ਜਲਣ ਨਾਲ ਪਿਸ਼ਾਬ ਆਉਣਾ, • ਦਰਦ ਨਾਲ ਬੁਖਾਰ ਹੋ ਜਾਣਾ, • ਠੰਢ ਲੱਗਣੀ, • ਕਮਜ਼ੋਰੀ ਹੋ ਜਾਣੀ।

• ਪਿੱਤੇ ਦੀ ਸੋਜ ਤੇ ਪੱਥਰੀ : ਆਮ ਤੌਰ 'ਤੇ ਔਰਤਾਂ ਵਿਚ 40 ਸਾਲ ਦੀ ਉਮਰ ਦੇ ਨੇੜੇ, ਮੋਟੇ ਸਰੀਰ ਵਾਲੀਆਂ ਔਰਤਾਂ, ਜਿਨ੍ਹਾਂ ਨੇ ਬੱਚੇ ਪੈਦਾ ਕੀਤੇ ਹੋਣ, ਉਨ੍ਹਾਂ ਨੂੰ ਪਿੱਤੇ ਦੀ ਸੋਜ ਹੁੰਦੀ ਹੈ। ਪਿੱਤੇ ਇਕ ਨਾਸ਼ਪਤੀ ਵਾਂਗ ਸਾਡੇ ਜਿਗਰ ਵਿਚ ਹੁੰਦਾ ਹੈ ਤੇ ਕਈ ਤਰ੍ਹਾਂ ਦੇ ਰਸ ਪੈਦਾ ਕਰਦਾ ਹੈ ਜੋ ਕਿ ਸਾਡਾ ਖਾਣਾ ਹਜ਼ਮ ਕਰਨ ਵਿਚ ਮਦਦ ਕਰਦੇ ਹਨ।

ਪਿੱਤੇ ਦੀ ਸੋਜ ਵਿਚ ਪਿੱਤੇ ਦੀ ਪਰਤ ਮੋਟੀ ਹੋ ਜਾਂਦੀ ਹੈ ਤੇ ਬੜੀ ਤੇਜ਼ ਦਰਦ ਸੱਜੀ ਵੱਖੀ ਵਿਚ ਹੁੰਦੀ ਹੈ ਇਹ ਦਰਦ ਪਿੱਛੇ ਵੱਲ ਜਾਂਦੀ ਹੈ ਤੇ ਕਦੇ-ਕਦੇ ਮੋਢੇ ਵੱਲ ਵੀ ਜਾਂਦੀ ਹੈ। ਦਰਦ ਨਾਲ ਕਈ ਵਾਰੀ ਉਲਟੀ ਵੀ ਆ ਜਾਂਦੀ ਹੈ। ਇਸ ਬਿਮਾਰੀ ਦਾ ਇਲਾਜ ਦਵਾਈਆਂ ਨਾਲ ਹੋ ਸਕਦਾ ਹੈ ਪਰ ਜੇ ਸਮੇਂ ਸਿਰ ਇਲਾਜ ਨਾ ਕਰਵਾਇਆ ਜਾਵੇ ਤਾਂ ਇਹ ਸੋਜ ਪਿੱਤੇ ਦੀ ਪੱਥਰੀ ਵਿਚ ਤਬਦੀਲ ਹੋ ਜਾਂਦੀ ਹੈ। ਪਿੱਤੇ ਵਿਚ ਛੋਟੀਆਂ-ਛੋਟੀਆਂ ਪੱਥਰੀਆਂ ਜੋ ਕਿ (1-100) ਤੱਕ ਹੋ ਸਕਦੀਆਂ ਹਨ ਤੇ ਕਈ ਵਾਰ ਪਿੱਤਾ ਪੱਥਰੀਆਂ ਨਾਲ ਹੀ ਭਰ ਜਾਂਦਾ ਹੈ, ਇਸ ਦਾ ਇਲਾਜ ਕੇਵਲ ਪਿੱਤਾ ਕਢਵਾਉਣਾ ਹੈ। ਬਾਅਦ ਵਿਚ ਪ੍ਰਹੇਜ਼ ਕਰਕੇ ਇਲਾਜ ਹੋ ਸਕਦਾ ਹੈ। ਕਈ ਲੋਕਾਂ ਦਾ ਇਹ ਵਹਿਮ ਹੁੰਦਾ ਹੈ ਕਿ ਪਿੱਤੇ ਦੀ ਪੱਥਰੀ ਖੁਰ ਕੇ ਨਿਕਲ ਜਾਂਦੀ ਹੈ। ਪਿੱਤੇ ਦੀ ਪੱਥਰੀ ਜਦੋਂ ਬਣ ਜਾਵੇ, ਇਸ ਦਾ ਇਲਾਜ ਸਿਰਫ਼ ਆਪ੍ਰੇਸ਼ਨ ਹੈ।

• ਸੱਜੇ ਗੁਰਦੇ ਦੀ ਦਰਦ : ਗੁਰਦੇ ਦੀ ਦਰਦ ਬੜੀ ਤੇਜ਼ ਹੁੰਦੀ ਹੈ ਇਹ ਦਰਦ ਸੱਜੀ ਵੱਖੀ ਤੋਂ ਸ਼ੁਰੂ ਹੋ ਕੇ ਥੱਲੇ ਤੱਕ ਪਿਸ਼ਾਬ ਦੀ ਨਲੀ ਤੱਕ ਜਾਂਦੀ ਹੈ। ਮਰੀਜ਼

ਮਾਨਸਿਕ ਬੀਮਾਰੀ ਹੈ ਆਟਿਸਟਿਕ, ਇਸ ਨੂੰ ਜਾਣੋ ਅਤੇ



ਕੀ ਤੁਹਾਡੇ ਬੱਚੇ ਤੁਹਾਡੀ ਆਵਾਜ਼ ਸੁਣ ਕੇ ਜਾਂ ਚਿਹਰੇ ਦੇ ਹਾਵ-ਭਾਵ ਦੇਖ ਕੇ ਕਿਸੇ ਤਰ੍ਹਾਂ ਦੀ ਪ੍ਰਤੀਕਿਰਿਆ ਨਹੀਂ ਦਿੰਦੇ ? ਉਹ ਦੂਸਰੇ ਬੱਚਿਆਂ ਦੇ ਮੁਕਾਬਲੇ 'ਚ ਘੱਟ ਬੋਲਦੇ ਜਾਂ ਤੁਹਾਡੀ ਗੱਲ ਦਾ ਸਹੀ ਜਵਾਬ ਨਹੀਂ ਦੇ ਪਾਉਂਦੇ। ਜੇਕਰ ਅਜਿਹਾ ਹੈ ਤਾਂ ਇਹ ਲੱਛਣ ਆਟਿਜ਼ਮ ਦੇ ਹੋ ਸਕਦੇ ਹਨ। ਕੀ ਤੁਹਾਡੇ ਬੱਚੇ ਤੁਹਾਡੀ ਆਵਾਜ਼ ਸੁਣ ਕੇ ਜਾਂ ਚਿਹਰੇ ਦੇ ਹਾਵ-ਭਾਵ ਦੇਖ ਕੇ ਕਿਸੇ ਤਰ੍ਹਾਂ ਦੀ ਪ੍ਰਤੀਕਿਰਿਆ ਨਹੀਂ ਦਿੰਦੇ ?ਉਹ ਦੂਸਰੇ ਬੱਚਿਆਂ ਦੇ ਮੁਕਾਬਲੇ 'ਚ ਘੱਟ ਬੋਲਦੇ ਜਾਂ ਤੁਹਾਡੀ ਗੱਲ ਦਾ ਸਹੀ ਜਵਾਬ ਨਹੀਂ ਦੇ ਪਾਉਂਦੇ। ਜੇਕਰ ਅਜਿਹਾ ਹੈ ਤਾਂ ਇਹ ਲੱਛਣ ਆਟਿਜ਼ਮ ਦੇ ਹੋ ਸਕਦੇ ਹਨ।

ਆਟਿਜ਼ਮ ਹੋਣ ਦੇ ਕਾਰਨ

ਆਟਿਜ਼ਮ ਹੋਣ ਦੇ ਸਹੀ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਪਰ ਵਿਗਿਆਨਕਾਂ ਦੀ ਮੰਨੀਏ ਤਾਂ ਆਟਿਜ਼ਮ ਹੋਣ ਦਾ ਕਾਰਨ ਸੈਂਟਰਲ ਨਰਵਸ ਸਿਸਟਮ ਨੂੰ ਨੁਕਸਾਨ ਪਹੁੰਚਣਾ, ਦਿਮਾਗ ਦੀਆਂ ਗਤੀਵਿਧੀਆਂ ਦਾ ਅੋਬਨਾਰਮਲ ਹੋਣਾ, ਗਰਭਵਤੀ ਔਰਤ ਦਾ ਖਾਣ-ਪਾਣ ਸਹੀ ਨਾ ਹੋਣਾ, ਨੂੰ ਵੇਖ ਕੇ ਪ੍ਰਤੀਕਿਰਿਆ ਦਿੰਦੇ ਹਨ ਪ੍ਰੈਗਨੈਂਸੀ ਵਿਚ ਤਣਾਅ ਲੈਣਾ ਆਦਿ ਹੋ ਸਕਦਾ ਹੈ।

ਆਟਿਜ਼ਮ ਦਾ ਇਲਾਜ

ਆਟਿਜ਼ਮ ਆਜੀਵਨ ਰਹਿਣ ਵਾਲੀ ਇਕ ਵਿਵਸਥਾ ਹੈ, ਜਿਸ ਦੇ ਪੂਰੇ ਇਲਾਜ ਲਈ ਜਾਣਕਾਰੀ ਇਕੱਠੀ ਕਰੋ ਅਤੇ ਸਾਇਕੋਲੋਜਿਸਟ ਨਾਲ ਸੰਪਰਕ ਕਰੋ। ਜਲਦ ਤੋਂ ਜਲਦ ਆਟਿਜ਼ਮ ਦੀ ਪਛਾਣ ਕਰਕੇ ਸਾਇਕੋਲੋਜਿਸਟ ਤੋਂ ਤੁਰੰਤ ਸਲਾਹ ਲੈਣੀ ਹੀ ਇਸ ਦਾ ਪਹਿਲਾ ਇਲਾਜ ਹੈ। ਕਿੰਝ ਕਰੀਏ ਆਟਿਜ਼ਮ ਦੀ ਪਛਾਣ ?

ਨਾਰਮਲ ਅਤੇ ਆਟਿਸਟਿਕ ਬੱਚਿਆਂ 'ਚ ਕੁਝ ਮੁੱਖ ਅੰਤਰ ਹੁੰਦੇ ਹਨ, ਜਿਸ ਦੇ ਆਧਾਰ 'ਤੇ ਇਸ ਨੂੰ ਪਛਾਣਿਆ ਜਾ ਸਕਦਾ ਹੈ। ਅਸੀਂ ਤੁਹਾਨੂੰ ਕੁਝ ਅਜਿਹੇ ਹੀ ਲੱਛਣ ਦੱਸਾਂਗੇ, ਜਿਸ ਨੂੰ ਵੇਖਦੇ ਹੋਏ ਤੁਸੀਂ ਇਸ ਬੀਮਾਰੀ ਦੀ ਪਛਾਣ ਕਰ ਸਕਦੇ ਹੋ।

➢ ਬੱਚੇ ਆਮ ਤੌਰ 'ਤੇ ਆਪਣੇ ਮਾਪਿਆਂ ਜਾਂ ਆਲੇ-ਦੁਆਲੇ ਦੇ ਮੌਜੂਦ ਲੋਕਾਂ ਨੂੰ ਵੇਖ ਕੇ ਪ੍ਰਤੀਕਿਰਿਆ ਦਿੰਦੇ ਹਨ ਪਰ ਆਟਿਜ਼ਮ ਪੀੜਤ ਬੱਚਾ ਨਜ਼ਰ ਮਿਲਾਉਣ ਤੋਂ ਕਤਰਾਉਂਦਾ ਹੈ। ਉਸ ਨੂੰ ਅਲੱਗ ਤਰ੍ਹਾਂ ਦੀ ਹਿਚਕਿਚਾਹਟ ਮਹਿਸੂਸ ਹੁੰਦੀ ਹੈ। ਅਜਿਹੇ ਬੱਚੇ ਆਪਣੇ-ਆਪ 'ਚ ਹੀ ਗੁੰਮ ਰਹਿੰਦੇ ਹਨ ਤੇ ਕਿਸੇ ਇਕ ਹੀ ਚੀਜ਼ ਵਿਚ ਗਵਾਚੇ ਰਹਿੰਦੇ ਹਨ। ਜੇਕਰ ਬੱਚਾ 9 ਮਹੀਨਿਆਂ ਦਾ ਹੋਣ ਦੇ ਬਾਵਜੂਦ ਨਾ ਤਾਂ ਹੱਸਦਾ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਕੋਈ ਪ੍ਰਤੀਕਿਰਿਆ ਦਿੰਦਾ ਹੈ ਤਾਂ ਤੁਹਾਨੂੰ ਚੌਕਸ ਹੋਣ ਦੀ ਜ਼ਰੂਰਤ ਹੈ।

➢ ਆਮ ਬੱਚੇ ਆਵਾਜ਼ ਸੁਣਨ ਤੋਂ ਬਾਅਦ ਖੁਸ਼ ਹੁੰਦੇ ਹਨ ਜਾਂ ਉਸ ਵੱਲ ਧਿਆਨ ਦਿੰਦੇ ਹਨ ਪਰ ਆਟਿਸਟਿਕ ਬੱਚਾ ਆਵਾਜ਼ 'ਤੇ ਕੋਈ ਧਿਆਨ ਨਹੀਂ ਦਿੰਦਾ।

ਗਰਭਵਤੀ ਔਰਤਾਂ ਨੂੰ ਕਿਉਂ ਖਾਣੀ ਚਾਹੀਦੀ ਫੁੱਲਗੋਭੀ?

ਗਰਭਵਤੀ ਔਰਤਾਂ 'ਚ ਸਭ ਤੋਂ ਜ਼ਿਆਦਾ ਮੁਸ਼ਕਲ ਇਸ ਗੱਲ ਨੂੰ ਲੈ ਕੇ ਰਹਿੰਦੀ ਹੈ ਕਿ ਸਿਹਤਮੰਦ ਬੱਚਿਆਂ ਲਈ ਕੀ ਖਾਧਾ ਜਾਵੇ। ਤੁਸੀਂ ਆਪਣੇ ਭੋਜਨ 'ਚ ਫੁੱਲਗੋਭੀ ਨੂੰ ਵੀ ਸ਼ਾਮਲ ਕਰ ਸਕਦੇ ਹੋ। ਕਈ ਖੋਜਾਂ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਗਰਭ ਦੇ ਸਮੇਂ ਫੁੱਲਗੋਭੀ ਦੀ ਵਰਤੋਂ ਕਰਨਾ ਸਿਹਤ ਲਈ ਫਾਇਦੇਮੰਦ ਹੈ। ਸਿਹਤਮੰਦ ਫੁੱਲਗੋਭੀ ਤੁਹਾਡੇ ਦਿਲ ਅਤੇ ਕਾਰਡੀਓਵਸਕੁਲਰ ਸਿਸਟਮ ਨੂੰ ਸਿਹਤਮੰਦ ਰੱਖਦਾ ਹੈ। ਗਰਭ ਦੌਰਾਨ ਫੁੱਲਗੋਭੀ ਦਾ ਫਾਇਦਾ ਇਹ ਹੁੰਦਾ ਹੈ ਕਿ ਇਹ ਘੱਟ ਹਾਰਟ ਬਰਨ ਦੇ ਨਾਲ ਬੱਚੇਦਾਨੀ ਨੂੰ ਬਲੱਡ ਪੰਪ ਕਰਨ 'ਚ ਮਦਦ ਕਰਦਾ ਹੈ।

ਆਇਰਨ ਨੂੰ ਕਰੇ ਓਬਜ਼ਰਬ-



ਗਰਭਵਤੀ ਔਰਤਾਂ ਨੂੰ ਆਇਰਨ ਨਾਲ ਭਰਪੂਰ ਭੋਜਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਗਰਭ ਦੇ ਦੌਰਾਨ ਫੁੱਲਗੋਭੀ ਦਾ ਇਕ ਫਾਇਦਾ ਹੁੰਦਾ ਇਹ ਹੈ ਕਿ ਆਇਰਨ ਨੂੰ ਸੋਖਣ 'ਚ ਮਦਦ ਕਰਦਾ ਹੈ। ਲਾਲ ਰਕਤ ਕਣਾਂ ਨੂੰ ਬਣਾਉਣ ਲਈ ਆਇਰਨ ਦੀ ਜ਼ਰੂਰਤ ਹੁੰਦੀ ਹੈ। ਅਜਿਹੇ 'ਚ ਫੁੱਲਗੋਭੀ ਸਭ ਤੋਂ ਫਾਇਦੇਮੰਦ ਹੁੰਦੀ ਹੈ।

ਕੋਸ਼ਿਕਾਵਾਂ ਦਾ ਵਿਕਾਸ- ਫੁੱਲਗੋਭੀ 'ਚ ਪਾਏ ਜਾਣ ਵਾਲੇ ਵਿਟਾਮਿਨ ਏ ਵਿਟਾਮਿਨ ਬੀ ਵੀ ਗਰਭ ਦੇ ਦੌਰਾਨ ਬਹੁਤ ਫਾਇਦਾ ਪਹੁੰਚਦਾ ਹੈ। ਇਹ ਵਿਟਾਮਿਨ ਕੋਸ਼ਿਕਾਵ ਦੇ ਵਿਕਾਸ 'ਚ ਮਦਦ ਕਰਦਾ ਹੈ।

ਲਾਲ ਰਕਤ ਕਣ- ਲਾਲ ਰਕਤ ਕਣਾਂ ਦੇ ਨਿਰਮਾਣ ਲਈ ਕੈਲਸ਼ੀਅਮ ਦੀ ਜ਼ਰੂਰਤ ਹੁੰਦੀ ਹੈ। ਅਜਿਹੇ 'ਚ ਫੁੱਲਗੋਭੀ ਸਭ ਤੋਂ ਫਾਇਦੇਮੰਦ ਹੁੰਦੀ ਹੈ।

ਟੁੱਟੀਆਂ ਹੱਡੀਆਂ ਨੂੰ ਜੋੜੇਗਾ ਮੱਕੀ ਦਾ ਆਟਾ

ਟੁੱਟੀਆਂ ਹੱਡੀਆਂ ਨੂੰ ਜੋੜਨ ਦਾ ਨਵਾਂ ਤਰੀਕਾ ਲੱਭਿਆ ਗਿਆ ਹੈ। ਕਿਸੇ ਹਾਦਸੇ ਕਾਰਨ ਹੱਡੀ ਟੁੱਟਣ ਦੀ ਪਰੇਸ਼ਾਨੀ ਨਾਲ ਜੂਝ ਰਹੇ ਲੋਕਾਂ ਲਈ ਰਾਹਤ ਵਾਲੀ ਖ਼ਬਰ ਹੈ। ਭਾਰਤੀ ਮੂਲ ਦੇ ਵਿਅਕਤੀ ਸਮੇਤ ਖੋਜਕਾਰਾਂ ਦੀ ਟੀਮ ਨੇ ਅਜਿਹੀ ਤਕਨੀਕ ਵਿਕਸਤ ਕੀਤੀ ਹੈ ਜਿਸ ਦੀ ਮਦਦ ਨਾਲ ਅਜਿਹੀ ਸਥਿਤੀ ਵਿੱਚ ਹੱਡੀ ਦੇ ਜ਼ਖ਼ਮ ਨੂੰ ਭਰ ਕੇ ਉਸ ਨੂੰ ਠੀਕ ਕੀਤਾ ਜਾ ਸਕਦਾ ਹੈ। ਇਹ ਉਨਾਂ ਲੋਕਾਂ ਵਿੱਚ ਵੀ ਮਦਦਗਾਰ ਹੈ, ਜਿਨਾਂ ਨੂੰ ਹੱਡੀ ਬਦਲਣ ਦੀ ਸਲਾਹ ਦਿੱਤੀ ਗਈ ਹੋਵੇ। ਖੋਜਕਾਰਾਂ ਨੇ ਮੱਕੀ ਦੇ ਆਟੇ ਤੋਂ ਇੱਕ ਖ਼ਾਸ ਪਾਲੀਮਰ ਤਿਆਰ ਕੀਤਾ ਹੈ। ਮਾਂਟਮੋਰਿਲੋਨਾਈਟ ਕਲੋ ਨੈਨੋ ਪਾਰਟੀਕਲ ਦੇ ਨਾਲ ਇਸ ਬ੍ਰਾਇਓਡੀਗ੍ਰੇਡੇਬਲ ਪਾਲੀਮਰ ਨੂੰ ਟੁੱਟੀ ਹੱਡੀ ਦੀ ਥਾਂ ਲਗਾਇਆ ਜਾਂਦਾ ਹੈ। ਇਹ ਪਾਲੀਮਰ 18 ਮਹੀਨਿਆਂ ਵਿੱਚ ਆਪ ਹੀ ਘੁਲ ਜਾਂਦਾ ਹੈ।

ਦੁੱਗਣਾ ਫਾਇਦਾ ਚਾਹੀਦੈ ਤਾਂ ਫਲ ਖਾਓ ਇਸ ਤਰ੍ਹਾਂ

ਫਲ ਸਾਡੀ ਸਿਹਤ ਲਈ ਕਾਫੀ ਜ਼ਰੂਰੀ ਹਨ ਕਿਉਂਕਿ ਇਨ੍ਹਾਂ ਵਿਚਲੇ ਵਿਟਾਮਿਨ ਅਤੇ ਹੋਰ ਪੋਸ਼ਕ ਤੱਤ ਸਾਡੇ ਸਰੀਰ ਦੀ ਸੁਚਾਰੂ ਕਾਰਜ ਪ੍ਰਣਾਲੀ ਲਈ ਅਹਿਮ ਹਨ ਪਰ ਇਨ੍ਹਾਂ ਨੂੰ ਖਾਣ ਦਾ ਸਹੀ ਸਮਾਂ ਜੇਕਰ ਜਾਣ ਲਿਆ ਜਾਵੇ ਤਾਂ ਇਹ ਦੁੱਗਣਾ ਲਾਭ ਦੇ ਸਕਦੇ ਹਨ। ਜਾਣਦੇ ਹਾਂ ਫਲਾਂ ਬਾਰੇ ਕੁਝ ਅਹਿਮ ਗੱਲਾਂ-



ਖਾਲੀ ਪੇਟ ਫਲਾਂ ਦੇ ਸੇਵਨ ਨਾਲ ਲਾਭ

ਖੁਰਾਕ ਮਾਹਿਰਾਂ ਅਨੁਸਾਰ ਖਾਲੀ ਪੇਟ ਫਲਾਂ ਦਾ ਸੇਵਨ ਸਰੀਰ ਨੂੰ ਸਭ ਤੋਂ ਵਧੇਰੇ ਲਾਭ ਪਹੁੰਚਾਉਂਦਾ ਹੈ। ਜੇਕਰ ਤੁਸੀ ਚਾਹੁੰਦੇ ਹੋ ਕਿ ਤੁਹਾਨੂੰ ਕਬਜ਼ ਦੀ ਸਮੱਸਿਆ ਨਾ ਹੋਵੇ ਤਾਂ ਸਵੇਰੇ ਫਲਾਂ ਦਾ ਸੇਵਨ ਕਰੋ। ਸਭ ਤੋਂ ਵਧੇਰੇ ਲਾਭ ਸਵੇਰੇ, ਉਸ ਤੋਂ ਘੱਟ ਦੁਪਹਿਰ ਅਤੇ ਰਾਤ ਨੂੰ ਫਲ ਖਾਣ ਨਾਲ ਸਭ ਘੱਟ ਲਾਭ ਮਿਲਦਾ ਹੈ। ਖਾਲੀ ਪੇਟ ਫਲਾਂ ਦਾ ਸੇਵਨ ਕਰਨ ਨਾਲ ਫਲਾਂ ਦੇ ਸਾਰੇ ਪੌਸ਼ਟਿਕ ਗੁਣ ਸਰੀਰ ਨੂੰ ਮਿਲਦੇ ਹਨ। ਫਲ ਖਾਲੀ ਪੇਟ ਖਾਣ ਨਾਲ ਸਰੀਰ ਉਨ੍ਹਾਂ ਦੇ ਪੌਸ਼ਕ ਤੱਤਾਂ ਨੂੰ ਪਹੁੰਚਾਉਣ ਲਈ ਇਕ ਖਾਸ ਤਰ੍ਹਾਂ ਦਾ ਐਂਜ਼ਾਈਮ ਬਣਾਉਂਦਾ ਹੈ, ਜਿਸ ਨਾਲ ਫਲ ਅਸਾਨੀ ਨਾਲ ਪਚਣਗੇ। ਪਚਾਉਣ ਲਈ ਸਮਾਂ ਵੀ ਘੱਟ ਲੱਗੇਗਾ ਅਤੇ ਸਾਰੇ ਪੌਸ਼ਟਿਕ ਤੱਤ ਵੀ ਸਰੀਰ ਨੂੰ ਮਿਲਣਗੇ।

ਖਾਣਾ ਖਾਣ ਤੋਂ ਬਾਅਦ ਫਲ ਨਾ ਖਾਓ

ਭੋਜਨ ਕਰਨ ਤੋਂ ਬਾਅਦ ਫਲਾਂ ਦਾ ਸੇਵਨ ਨਾ ਕਰੋ ਕਿਉਂਕਿ ਫਲ ਅਸਾਨੀ ਨਾਲ ਨਹੀਂ ਪਚਦੇ ਅਤੇ ਇਨ੍ਹਾਂ ਨੂੰ ਪਚਾਉਣ ਲਈ ਸਮਾਂ ਵੀ ਵਧੇਰੇ ਚਾਹੀਦਾ ਹੈ। ਜੇਕਰ ਭੋਜਨ ਤੋਂ ਬਾਅਦ ਫਲ ਖਾਣੇ ਹੋਣ ਤੋਂ 2 ਤੋਂ 3 ਘੰਟਿਆਂ ਦਾ ਅੰਤਰ ਰੱਖੋ।

ਭਰੇ ਪੇਟ ਫਲ ਖਾਣ ਨਾਲ

ਪੇਟ 'ਚ ਜਲਣ, ਬਦਹਜ਼ਮੀ ਅਤੇ ਭਾਰੀਪਣ ਮਹਿਸੂਸ ਹੁੰਦਾ ਹੈ, ਜੋ ਸਰੀਰ ਨੂੰ ਲਾਭ ਦੀ ਬਜਾਏ ਨੁਕਸਾਨ ਪਹੁੰਚਾ ਸਕਦਾ ਹੈ।

ਨਾ ਖਾਓ ਸ਼ਾਮ ਤੋਂ ਬਾਅਦ

ਸ਼ਾਮ 6 ਵਜੇ ਤੋਂ ਬਾਅਦ ਫਲਾਂ ਦੇ ਸੇਵਨ ਤੋਂ ਬਚੋ ਨਹੀਂ ਤਾਂ ਲਾਭ ਦੀ ਬਜਾਏ ਨੁਕਸਾਨ ਹੋ ਸਕਦਾ ਹੈ। ਫਲ ਖਾਣ ਦਾ ਸਭ ਤੋਂ ਵਧੀਆ ਸਮਾਂ ਖਾਣੇ ਤੋਂ 1 ਘੰਟਾ ਪਹਿਲਾਂ ਜਾਂ ਖਾਣੇ ਤੋਂ 2 ਘੰਟੇ ਬਾਅਦ ਦਾ ਹੈ, ਸਵੇਰੇ ਫਲ ਖਾਣਾ ਸਭ ਤੋਂ ਵਧੀਆ ਹੁੰਦਾ ਹੈ, ਫਲਾਂ ਦਾ ਸੇਵਨ ਖਾਣੇ ਦੇ ਨਾਲ ਨਾ ਕਰੋ, ਇਕੱਲੇ ਹੀ ਖਾਓ ਤਾਂ ਹੀ ਸਰੀਰ ਨੂੰ ਪੂਰਾ ਲਾਭ ਮਿਲੇਗਾ। 2 ਟਾਈਮ ਦੇ ਖਾਣੇ ਵਿਚਕਾਰ ਫਲ ਖਾਣ ਨਾਲ ਕੋਲੈਸਟ੍ਰੋਲ ਦਾ ਪੱਧਰ ਘੱਟਦਾ ਹੈ। ਮੌਸਮੀ ਫਲ ਸਰੀਰ ਨੂੰ ਜ਼ਿਆਦਾ ਲਾਭ ਪਹੁੰਚਾਉਂਦੇ ਹਨ। ਦਰੱਖਤ ਤੋਂ ਪੱਕਿਆ ਫਲ ਤੋੜ ਕੇ ਖਾਣਾ ਹੋਵੇ ਤਾਂ ਉਸ ਨੂੰ ਤੁਰੰਤ ਖਾ ਲਓ ਤਾਂ ਹੀ ਉਸ ਦਾ ਪੂਰਾ ਲਾਭ ਮਿਲੇਗਾ।

ਬੀਮਾਰ ਹੋਣ 'ਤੇ

ਬੀਮਾਰ ਹੋਣ 'ਤੇ ਫਲਾਂ ਦਾ ਸੇਵਨ ਸਵੇਰੇ, ਦੁਪਹਿਰ ਅਤੇ ਸ਼ਾਮ ਨੂੰ ਕਰ ਸਕਦੇ ਹੋ ਪਰ ਡਾਕਟਰ ਤੋਂ ਪੁੱਛ ਲਓ ਕਿ ਕਿਹੜੇ-ਕਿਹੜੇ ਫਲ ਖਾਣੇ ਹਨ। ਸਰਦੀ ਦੇ ਮੌਸਮ 'ਚ ਜੂਸ ਵਾਲੇ ਫਲ ਧੁੱਪ 'ਚ ਬੈਠ ਕੇ ਖਾ ਸਕਦੇ ਹੋ। ਮਿਕਸ ਫਰੂਟ ਦੀ ਜਗ੍ਹਾ ਇਕ ਸਮੇਂ ਇਕੋ ਤਰ੍ਹਾਂ ਦਾ ਫਲ ਹੀ ਖਾਓ।

ਕਈ ਰੋਗਾਂ ਤੋਂ ਬਚਾਉਂਦਾ ਹੈ ਸੇਬ

ਸੇਬ ਸਾਰੇ ਫਲਾਂ ਵਿੱਚੋਂ ਸਭ ਤੋਂ ਵੱਧ ਖਾਧੇ ਜਾਣ ਵਾਲਾ ਤੇ ਜ਼ਿਆਦਾਤਰ ਲੋਕਾਂ ਦਾ ਮਨਪਸੰਦ ਫਲ ਹੈ। ਸੇਬ ਦਾ ਵਿਗਿਆਨਕ ਨਾਮ 'ਐਪਲੀਕਸ ਰੋਜ਼ੇਸੀਆ' ਹੈ। ਸੇਬ ਇੱਕ ਬੇਹੱਦ ਗੁਣਕਾਰੀ ਫਲ ਹੈ। ਇਸ ਦੀਆਂ ਤਕਰੀਬਨ 7,000 ਕਿਸਮਾਂ ਦਾ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਉਤਪਾਦਨ ਹੁੰਦਾ ਹੈ। ਸੇਬ ਦਾ ਸਭ ਤੋਂ ਵੱਧ ਉਤਪਾਦਨ ਚੀਨ, ਅਮਰੀਕਾ, ਤੁਰਕੀ, ਪੋਲੈਂਡ ਅਤੇ ਇਟਲੀ ਵਿੱਚ ਹੁੰਦਾ ਹੈ। ਸੇਬ ਨੂੰ ਫਲ ਅਤੇ ਸਬਜ਼ੀ ਦੋਵਾਂ ਤਰੀਕਿਆਂ ਨਾਲ ਵਰਤਿਆ ਜਾ ਸਕਦਾ ਹੈ। ਸਬਜ਼ੀ ਬਣਾਉਣ ਵਾਸਤੇ ਸੇਬ ਦੀਆਂ ਕੁਝ ਅਲੱਗ ਕਿਸਮਾਂ ਹੁੰਦੀਆਂ ਹਨ। ਇਨ੍ਹਾਂ ਕਿਸਮਾਂ ਵਿੱਚ ਮਿਠਾਸ ਘੱਟ ਤੇ ਖਟਾਸ ਵੱਧ ਹੁੰਦੀ ਹੈ ਅਤੇ ਨਾਲ ਹੀ ਇਨ੍ਹਾਂ ਦਾ ਭਾਰ 03 ਪਾਊਂਡ 02 ਆਊਂਸ (ਤਕਰੀਬਨ ਡੇਢ ਕਿਲੋ) ਤਕ ਹੁੰਦਾ ਹੈ।

ਸੇਬ ਵਿਚਲੇ ਗੁਣਕਾਰੀ ਤੱਤ ਸਰੀਰ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੇ ਨਾਲ ਨਾਲ ਬਿਮਾਰੀਆਂ ਤੋਂ ਵੀ ਬਚਾਉਂਦੇ ਹਨ। ਸੇਬ ਐਂਟੀ-ਓਕਸੀਡੈਂਟ (ਫਲੇਵੋਨਾਇਡ ਤੇ ਪੌਲੀਫਿਨੌਲ) ਤੱਤਾਂ ਨਾਲ ਭਰਪੂਰ ਫਲ ਹੈ। ਇਸ ਤੋਂ ਇਲਾਵਾ ਇਸ ਵਿੱਚ ਰੇਸ਼ੇ, ਵਿਟਾਮਿਨ ਸੀ, ਬੀ1, ਬੀ2, ਬੀ6 ਅਤੇ ਖਣਿਜ ਪਦਾਰਥ ਜਿਵੇਂ ਪੋਟਾਸ਼ੀਅਮ, ਮੈਗਨੀਸ਼ੀਅਮ, ਕੈਲਸ਼ੀਅਮ, ਬੋਰੋਨ,



ਫਾਸਫੋਰਸ ਅਤੇ ਲੋਹ-ਤੱਤ ਆਦਿ ਵੀ ਮੌਜੂਦ ਹੁੰਦੇ ਹਨ। ਵਿਟਾਮਨ 'ਸੀ' ਇੱਕ ਕੁਦਰਤੀ ਐਂਟੀ-ਓਕਸੀਡੈਂਟ ਹੈ ਜਿਹੜਾ ਕਿ ਸਰੀਰ ਦੀ ਬਾਹਰਲੇ ਜੀਵਾਣੂਆਂ ਖ਼ਿਲਾਫ਼ ਲੜਨ ਦੀ ਸ਼ਕਤੀ ਨੂੰ ਵਧਾਉਂਦਾ ਹੈ ਅਤੇ ਨੁਕਸਾਨਦਾਇਕ ਕਣਾਂ ਨੂੰ ਸਰੀਰ ਵਿੱਚੋਂ ਬਾਹਰ ਕੱਢਦਾ ਹੈ।

ਇਹ ਵਿਟਾਮਿਨ ਤੇ ਖਣਿਜ ਪਦਾਰਥ ਸਰੀਰ ਦੇ ਵਾਧੇ ਤੇ ਵਿਕਾਸ ਲਈ ਕਾਫ਼ੀ ਲਾਹੇਵੰਦ ਹੁੰਦੇ ਹਨ। ਪੋਟਾਸ਼ੀਅਮ ਬਲੱਡ-ਪ੍ਰੈਸ਼ਰ ਨੂੰ ਵੀ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਸੇਬ ਵਿਚਲਾ ਬੋਰੋਨ ਨਾਂ ਦਾ ਤੱਤ ਹੱਡੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਦੇ ਨਾਲ-ਨਾਲ ਹੱਡੀਆਂ ਨੂੰ ਖੁਰਨ ਤੋਂ ਵੀ ਬਚਾਉਂਦਾ ਹੈ। ਸੇਬ ਇੱਕ ਅਜਿਹਾ ਫਲ ਹੈ, ਜਿਸ ਵਿੱਚ ਫੈਟ, ਕੋਲੈਸਟ੍ਰੋਲ ਤੇ ਸੋਡੀਅਮ ਬਿਲਕੁਲ ਨਹੀਂ ਹੁੰਦੇ। ਇਸ ਲਈ ਬਲੱਡ-ਪ੍ਰੈਸ਼ਰ, ਸ਼ੂਗਰ ਤੇ ਦਿਲ ਦੇ ਰੋਗੀ ਰੋਜ਼ਾਨਾ ਸੇਬ ਦੀ ਵਰਤੋਂ ਕਰ ਸਕਦੇ ਹਨ। ਸੇਬ ਦੇ ਕੁਝ ਹੋਰ ਗੁਣ:

➢ ਸੇਬ ਵਿੱਚ ਮੌਜੂਦ 'ਪੌਲੀਫਿਨੌਲ' ਨਾਂ ਦੇ ਐਂਟੀ-ਓਕਸੀਡੈਂਟ ਤੱਤ ਨਾੜੀਆਂ ਵਿੱਚ ਚਰਬੀ ਵਾਲੇ ਸੈੱਲਾਂ ਨੂੰ ਜੰਮਣ ਤੋਂ ਰੋਕਦੇ ਹਨ, ਜਿਸ ਕਰਕੇ ਖ਼ੂਨ ਦੇ ਵਹਾਅ ਵਿੱਚ ਕੋਈ ਵਿਘਨ ਨਹੀਂ ਪੈਂਦਾ ਤੇ ਸਰੀਰ ਦਾ ਖ਼ੂਨਤੰਤਰ ਨਿਰੰਤਰ ਚੱਲਦਾ ਰਹਿੰਦਾ ਹੈ।

➢ 'ਪੌਲੀਫਿਨੌਲ' ਸ਼ੂਗਰ (ਗੁਲੂਕੋਜ਼) ਦੀ ਜ਼ਜਬ ਹੋਣ ਦੀ ਕਿਰਿਆ ਨੂੰ ਘਟਾਉਂਦਾ ਹੈ ਅਤੇ ਨਾਲ ਹੀ 'ਪੈਨਕਿਰਿਆਜ਼' ਨਾਮਕ ਪਾਚਕ-ਰਸ ਦੀ ਥੈਲੀ ਨੂੰ 'ਇਨਸੁਲਿਨ' ਪੈਦਾ ਕਰਨ ਲਈ ਉਕਸਾਉਂਦਾ ਹੈ, ਜਿਸ ਕਰਕੇ ਖ਼ੂਨ ਵਿਚਲੀ ਸ਼ੂਗਰ ਸੰਤੁਲਨ ਵਿੱਚ ਰਹਿੰਦੀ ਹੈ। ➢ ਸੇਬ ਵਿਚਲਾ 'ਫਲੇਵੋਨਾਇਡ' ਨਾਮਕ ਐਂਟੀ-ਓਕਸੀਡੈਂਟ ਤੱਤ ਬਲੱਡ-ਸ਼ੂਗਰ ਨੂੰ ਕੰਟਰੋਲ ਵਿੱਚ ਰੱਖਦਾ ਹੈ। ਇਹ ਕਾਰਬੋਹਾਈਡ੍ਰੇਟਸ ਦੀ ਪਾਚਣ-ਕਿਰਿਆ ਨੂੰ ਵੀ ਘਟਾਉਂਦਾ ਹੈ, ਜਿਸ ਨਾਲ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਘਟ ਜਾਂਦੀ ਹੈ। ➢ ਸੇਬ ਵਿੱਚ ਰੇਸ਼ੇ ਵੀ ਚੰਗੀ ਮਾਤਰਾ ਵਿੱਚ ਮੌਜੂਦ ਹੁੰਦੇ ਹਨ। ਇਹ ਰੇਸ਼ੇ ਦਿਲ ਨੂੰ ਨੁਕਸਾਨ ਪਹੁੰਚਾਉਣ ਵਾਲੇ 'ਮਾੜੇ ਕੋਲੈਸਟ੍ਰੋਲ' ਅਤੇ 'ਚਰਬੀ ਸੈੱਲਾਂ' ਦੇ ਵਾਧੇ ਨੂੰ ਘਟਾਉਂਦੇ ਹਨ, ਜਿਸ ਨਾਲ ਦਿਲ ਸਿਹਤਮੰਦ ਰਹਿੰਦਾ ਹੈ। ਇਸ ਤਰ੍ਹਾਂ ਸੇਬ ਦੀ ਵਰਤੋਂ ਨਾਲ ਦਿਲ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

ਸਾਵਧਾਨ ! ਵੱਧਦੀ ਠੰਡ ਦਾ ਕਹਿਰ ਪਵੇਗਾ ਦਿਲ 'ਤੇ

ਸਰਦੀ ਦੀ ਰੁੱਤ ਵਿੱਚ ਹਾਰਟ ਅਟੈਕ ਦੀਆਂ ਘਟਨਾਵਾਂ ਵਾਪਰਨ ਦੀ ਦਰ ਵਿੱਚ ਇਕਦਮ ਤੇਜ਼ੀ ਆ ਜਾਂਦੀ ਹੈ ਅਤੇ ਮੌਤ ਦਰ ਵੀ ਗਰਮੀਆਂ ਨਾਲੋਂ ਵੱਧ ਹੁੰਦੀ ਹੈ। ਇੱਕ ਤਾਜ਼ਾ ਖੋਜ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਸਰਦੀਆਂ ਦੌਰਾਨ ਦਿਲ ਦੀਆਂ ਬਿਮਾਰੀਆਂ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ 18 ਫ਼ੀਸਦੀ ਦਾ ਵਾਧਾ ਹੋ ਜਾਂਦਾ ਹੈ। ਵੱਡੀ ਉਮਰ ਦੇ ਦਿਲ ਦੇ ਮਰੀਜ਼ਾਂ ਲਈ ਤਾਂ ਹ

ਸੰਪਾਦਕੀ

ਪ੍ਰੋਵੀਡੈਂਟ ਫੰਡ ਕਢਵਾਉਣ ਦੇ ਨਿਯਮਾਂ ਨੂੰ ਨਰਮ ਕਰਨ ਦਾ ਈ ਪੀ ਐੱਫ ਓ ਦਾ ਫ਼ੈਸਲਾ

ਪ੍ਰੋਵੀਡੈਂਟ ਫੰਡ ਕਢਵਾਉਣ ਦੇ ਨਿਯਮਾਂ ਨੂੰ ਨਰਮ ਕਰਨ ਦਾ ਈ ਪੀ ਐੱਫ ਓ ਦਾ ਫ਼ੈਸਲਾ ਸਾਲ 2025 ਵਿੱਚ ਲਿਆਂਦੀਆਂ ਗਈਆਂ ਸਪੱਸ਼ਟ ਤਬਦੀਲੀਆਂ ਦਾ ਇੱਕ ਸੁਆਗਤਯੋਗ ਅਤੇ ਲੋੜੀਂਦਾ ਸੁਧਾਰ ਹੈ। ਘੱਟੋ-ਘੱਟ ਬਕਾਏ ਦੀ ਹੱਦ 25 ਫ਼ੀਸਦੀ ਤੋਂ ਘਟਾ ਕੇ 10 ਫ਼ੀਸਦੀ ਕਰਨ ਅਤੇ ਬੇਰੁਜ਼ਗਾਰੀ ਤੋਂ ਬਾਅਦ ਅੰਤਿਮ ਨਿਪਟਾਰੇ ਲਈ ਉਡੀਕ ਦੀ ਮਿਆਦ 12 ਮਹੀਨਿਆਂ ਤੋਂ ਮੁੜ ਦੋ ਮਹੀਨੇ ਕਰ ਕੇ ਇਸ ਨੇ ਇੱਕ ਬੁਨਿਆਦੀ ਸਿਧਾਂਤ ਨੂੰ ਸਵੀਕਾਰ ਕੀਤਾ ਹੈ ਕਿ ਕਰਮਚਾਰੀਆਂ ਦੀ ਆਪਣੀ ਮਿਹਨਤ ਦੀ ਬੱਚਤ ਤੱਕ ਵਾਜਬ ਅਤੇ ਸੁਖਾਲੀ ਪਹੁੰਚ ਹੋਣੀ ਚਾਹੀਦੀ ਹੈ। ਬੇਰੁਜ਼ਗਾਰ ਹੋਏ ਕਿਸੇ ਵੀ ਵਿਅਕਤੀ ਲਈ ਆਪਣੀ ਜਮ੍ਹਾਂ ਬੱਚਤ ਤੱਕ ਪਹੁੰਚ ਮੁਸ਼ਕਿਲ ਘੜੀ ਵਿੱਚ ਘਰੇਲੂ ਖ਼ਰਚੇ ਪੂਰੇ ਕਰਨ, ਬੈਂਕਾਂ ਜਾਂ ਹੋਰ ਕਰਜ਼ਿਆਂ ਦੀਆਂ ਕਿਸ਼ਤਾਂ ਭਰਨ ਜਾਂ ਆਪਣੇ ਪਰਿਵਾਰਕ ਮੈਂਬਰਾਂ ਦਾ ਸਹਾਰਾ ਬਣਨ ਲਈ ਬੇਹੱਦ ਅਹਿਮ ਹੋ ਸਕਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਵਿੱਖ ਅਤੇ ਸੇਵਾਮੁਕਤੀ ਲਈ ਕੀਤੀ ਬੱਚਤ ਨੂੰ ਸੁਰੱਖਿਅਤ ਰੱਖਣਾ ਬਹੁਤ ਜ਼ਰੂਰੀ ਹੈ ਪਰ ਜਦੋਂ ਪਾਬੰਦੀਆਂ ਲੋੜੋਂ ਵੱਧ ਹੋ ਜਾਣ ਤਾਂ ਉਹ ਸਮਾਜਿਕ ਸੁਰੱਖਿਆ ਦੇ ਇਸ ਭਰੋਸੇਮੰਦ ਸਹਾਰੇ ਦਾ ਅਸਲ ਮਕਸਦ ਹੀ ਖ਼ਤਮ ਕਰ ਦਿੰਦੀਆਂ ਹਨ। ਫੰਡਾਂ ਵਿੱਚੋਂ ਨਿਯਮਿਤ ਨਿਕਾਸੀ ਦੀ ਸਹੂਲਤ ਵੀ ਓਨੀ ਹੀ ਅਹਿਮ ਹੈ, ਜਿਸ ਰਾਹੀਂ ਸੇਵਾਮੁਕਤ ਹੋਣ ਵਾਲੇ ਲੋਕ ਆਪਣੀ ਪੀ ਐੱਫ ਬੱਚਤ ਵਿੱਚੋਂ ਮਹੀਨਾਵਾਰ, ਤਿਮਾਹੀ ਜਾਂ ਛਿਮਾਹੀ ਕਿਸ਼ਤਾਂ ਰਾਹੀਂ ਰਕਮ ਕਢਵਾ ਸਕਣਗੇ ਜਦੋਂਕਿ ਬਾਕੀ ਬਚੇ ਫੰਡ 'ਤੇ ਵਿਆਜ ਮਿਲਦਾ ਰਹੇਗਾ। ਇਹ ਸੇਵਾਮੁਕਤੀ ਵੇਲੇ ਸਾਰੀ ਰਕਮ ਇੱਕੋ ਵਾਰ ਕਢਵਾਉਣ ਅਤੇ ਫਿਰ ਉਸ ਦੇ ਨਿਵੇਸ਼ ਦਾ ਪ੍ਰਬੰਧ ਕਰਨ ਦੇ ਬਦਲ ਵਜੋਂ ਸਾਹਮਣੇ ਆਉਂਦੀ ਹੈ। ਖ਼ਾਸਕਰ ਉਨ੍ਹਾਂ ਲੋਕਾਂ ਲਈ, ਜਿਨ੍ਹਾਂ ਕੋਲ ਹੋਰ ਬੱਚਤ ਨਹੀਂ ਹੈ, ਇਹ ਵਾਧੂ ਆਮਦਨ ਦਾ ਲਾਹੇਵੰਦ ਜ਼ਰੀਆ ਬਣ ਸਕਦੀ ਹੈ ਪਰ ਇਹ ਬੱਝਵੀਂ ਪੈਨਸ਼ਨ ਦਾ ਬਦਲ ਨਹੀਂ ਹੈ। ਕਰਮਚਾਰੀ ਪੈਨਸ਼ਨ ਯੋਜਨਾ (ਈ ਪੀ ਐੱਸ) ਅਜੇ ਵੀ ਸੀਮਿਤ ਲਾਭ ਹੀ ਦੇ ਰਹੀ ਹੈ ਅਤੇ ਮਹੀਨਾਵਾਰ ਮਿਲਣ ਵਾਲੀ ਰਕਮ ਲੋੜਾਂ ਪੂਰੀਆਂ ਕਰਨ ਲਈ ਕਾਫ਼ੀ ਹੈ ਜਾਂ ਨਹੀਂ, ਇਸ ਬਾਰੇ ਚਿੰਤਾ ਬਰਕਰਾਰ ਹੈ। ਆਪਣੀ ਹੀ ਜਮ੍ਹਾਂ ਰਕਮ ਕਢਵਾਉਣ ਦੀ ਸਹੂਲਤ ਨੂੰ ਉਮਰ ਭਰ ਦੀ ਪੱਕੀ ਆਮਦਨ ਦੀ ਗਾਰੰਟੀ ਨਹੀਂ ਸਮਝਣਾ ਚਾਹੀਦਾ। ਇਨ੍ਹਾਂ ਸੁਧਾਰਾਂ ਦਾ ਅਸਰ ਸੌਖੀਆਂ ਪ੍ਰਕਿਰਿਆਵਾਂ ਅਤੇ ਤੇਜ਼ੀ ਨਾਲ ਦਾਅਵਿਆਂ ਦੇ ਨਿਬੇੜੇ ਵਿੱਚ ਵੀ ਨਜ਼ਰ ਆਉਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਨੇ ਉੱਚ ਪੈਨਸ਼ਨ ਸਕੀਮ ਚੁਣਨ ਲਈ ਈ ਪੀ ਐੱਫ ਓ ਨੂੰ ਲੱਖਾਂ ਰੁਪਏ ਜਮ੍ਹਾਂ ਕਰਵਾਏ, ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਅਜੇ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉੱਚ ਪੈਨਸ਼ਨ ਸ਼ੁਰੂ ਹੋਣ ਵਿੱਚ ਹੋ ਰਹੀ ਬੇਲੋੜੀ ਦੇਰੀ ਉਨ੍ਹਾਂ ਨੂੰ ਵਿੱਤੀ ਤੌਰ 'ਤੇ ਕਮਜ਼ੋਰ ਕਰ ਰਹੀ ਹੈ। ਈ ਪੀ ਐੱਫ ਓ ਨੂੰ ਕਾਮਿਆਂ ਦੀ ਬੱਚਤ ਨੂੰ ਅਜਿਹੀ ਰਕਮ ਨਹੀਂ ਸਮਝਣਾ ਚਾਹੀਦਾ, ਜਿਸ ਉੱਤੇ ਉਸ ਨੇ ਹਰ ਤਰ੍ਹਾਂ ਦੀ ਰੋਕ-ਟੋਕ ਜਾਂ ਮਨਮਰਜ਼ੀ ਚਲਾਉਣੀ ਹੋਵੇ। ਸੇਵਾਮੁਕਤੀ ਦੀ ਸੁਰੱਖਿਆ ਲਈ ਇੱਕ ਸੁਰੱਖਿਅਤ ਫੰਡ ਦੇ ਨਾਲ-ਨਾਲ ਲੋੜ ਪੈਣ 'ਤੇ ਇਸ ਤੱਕ ਪਹੁੰਚ ਕਰਨ ਦੀ ਆਜ਼ਾਦੀ ਵੀ ਜ਼ਰੂਰੀ ਹੈ।

ਪ੍ਰੋ. ਟੰਕੇਸ਼ਵਰ ਕੁਮਾਰ ਨੇ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਅਹੁਦਾ ਸੰਭਾਲਿਆ



ਚੰਡੀਗੜ੍ਹ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰੋ. ਟੰਕੇਸ਼ਵਰ ਕੁਮਾਰ ਨੇ ਅੱਜ ਪੰਜਾਬ ਯੂਨੀਵਰਸਿਟੀ (ਪੀਯੂ), ਚੰਡੀਗੜ੍ਹ ਦੇ ਵਾਈਸ ਚਾਂਸਲਰ ਵਜੋਂ ਅਹੁਦਾ ਸੰਭਾਲਿਆ। ਯੂਨੀਵਰਸਿਟੀ ਇੰਸਟ੍ਰਕਸ਼ਨ ਦੀ ਡੀਨ (ਡੀਯੂਆਈ) ਪ੍ਰੋ. ਮੀਨਾਕਸ਼ੀ ਗੌਇਲ, ਜੋ ਕਿ ਪੀਯੂ ਵਾਈਸ ਚਾਂਸਲਰ ਦਾ ਅਹੁਦਾ ਸੰਭਾਲ ਰਹੇ ਸਨ, ਨੇ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਵਾਈ.ਪੀ. ਵਰਮਾ, ਖੋਜ ਅਤੇ ਵਿਕਾਸ ਸੈੱਲ ਦੇ ਡਾਇਰੈਕਟਰ, ਪ੍ਰੋ. ਸਵਿਤਾ ਗੁਪਤਾ, ਪਰੀਖਿਆਵਾਂ ਦੇ ਕੰਟਰੋਲਰ ਪ੍ਰੋ. ਜਗਤ ਭੂਸ਼ਣ, ਵਾਈਸ ਚਾਂਸਲਰ ਦੇ ਸਕੱਤਰ ਪ੍ਰੋ. ਕ੍ਰਿਸ਼ਨ ਕੁਮਾਰ, ਡੀਨ ਵਿਦਿਆਰਥੀ ਭਲਾਈ ਪ੍ਰੋ. ਵਾਈ.ਕੇ. ਰਾਵਲ, ਡੀਨ ਕਾਲਜ ਵਿਕਾਸ ਕੌਂਸਲ ਪ੍ਰੋਫੈਸਰ ਰਵੀ ਇੰਦਰ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਉਨ੍ਹਾਂ ਨੂੰ ਅਹੁਦਾ ਸੌਂਪਿਆ। ਇਸ ਮੌਕੇ ਸਾਬਕਾ ਵਾਈਸ ਚਾਂਸਲਰ ਪ੍ਰੋ. ਕੇ.ਐੱਨ. ਪਾਠਕ ਅਤੇ ਕਈ ਫੈਕਲਟੀ ਵਿਅਕਤੀ ਵੀ ਮੌਜੂਦ ਸਨ।ਪੀਯੂ ਦੇ ਸਾਬਕਾ ਵਿਦਿਆਰਥੀ ਪ੍ਰੋ. ਟੰਕੇਸ਼ਵਰ ਕੁਮਾਰ ਕੋਲ ਅਧਿਆਪਨ ਅਤੇ ਖੋਜ ਵਿੱਚ ਤਿੰਨ ਦਹਾਕਿਆਂ ਤੋਂ ਵੱਧ ਦਾ ਅਨੁਭਵ ਹੈ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਵਿੱਚ ਵਿਆਪਕ ਅਨੁਭਵ ਹੈ। ਉਹ ਗੁਰੂ ਜੰਭੇਸ਼ਵਰ ਯੂਨੀਵਰਸਿਟੀ ਆਫ ? ਸਾਇੰਸ ਐਂਡ ਟੈਕਨੋਲੋਜੀ (ਜੀਜੇਯੂਐੱਸਟੀ), ਹਿਸਾਰ ਅਤੇ ਸੈਂਟਰਲ ਯੂਨੀਵਰਸਿਟੀ ਆਫ ? ਹਰਿਆਣਾ ਦੇ ਵਾਈਸ ਚਾਂਸਲਰ ਵਜੋਂ ਸੇਵਾ ਨਿਭਾ ਚੁੱਕੇ ਹਨ। ਉਨ੍ਹਾਂ ਦਾ ਪੰਜਾਬ ਯੂਨੀਵਰਸਿਟੀ ਨਾਲ ਲੰਬਾ ਸਬੰਧ ਰਿਹਾ ਹੈ, ਜਿੱਥੇ ਉਨ੍ਹਾਂ ਨੇ ਦੋ ਦਹਾਕਿਆਂ ਤੋਂ ਅਧਿਕ ਸਮੇਂ ਤੱਕ ਭੌਤਿਕ ਵਿਗਿਆਨ ਵਿਭਾਗ ਵਿੱਚ ਸੇਵਾ ਨਿਭਾਈ।

ਪੰਜਾਬ ਯੂਨੀਵਰਸਿਟੀ ਵਿੱਚ ਆਪਣੇ ਕਾਰਜਕਾਲ ਦੌਰਾਨ, ਪ੍ਰੋ. ਟੰਕੇਸ਼ਵਰ ਕੁਮਾਰ ਨੇ ਫੈਕਲਟੀ ਰੀਚਾਰਜ ਪ੍ਰੋਗਰਾਮ ਦੇ ਤਹਿਤ ਭੌਤਿਕ ਵਿਗਿਆਨ ਵਿੱਚ ਯੂਜੀਸੀ ਪ੍ਰੋਫੈਸਰ, 2005 ਤੋਂ 2014 ਤੱਕ ਅਬਦੁਲ ਕਲਾਮ ਕੰਪਿਊਟਰ ਸੈਂਟਰ ਦੇ ਡਾਇਰੈਕਟਰ, ਅਤੇ ਯੂਨੀਵਰਸਿਟੀ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ ਯੂਨੀਵਰਸਿਟੀ ਦੀਆਂ ਆਈਟੀ ਪਹਿਲਾਂ ਵਿੱਚ ਵੀ ਯੋਗਦਾਨ ਪਾਇਆ, ਜਿਸ ਵਿੱਚ ਕੈਂਪਸ ਨੈੱਟਵਰਕਿੰਗ, ਵਾਇ-ਫਾਇ ਕਨੈਕਟੀਵਿਟੀ ਅਤੇ ਔਨਲਾਇਨ ਦਾਖਲਾ ਅਤੇ ਦਾਖਲਾ ਪਰੀਖਿਆ ਪ੍ਰਣਾਲੀਆਂ ਸ਼ਾਮਲ ਹਨ।

ਪ੍ਰੋ. ਟੰਕੇਸ਼ਵਰ ਕੁਮਾਰ ਨੇ ਪੰਜਾਬ ਯੂਨੀਵਰਸਿਟੀ ਤੋਂ ਭੌਤਿਕ ਵਿਗਿਆਨ ਵਿੱਚ ਆਪਣੀਆਂ ਪੋਸਟ ਗ੍ਰੈਜੂਏਟ ਅਤੇ ਡਾਕਟਰੇਟ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਨੇ 1991 ਵਿੱਚ ਇਟਲੀ ਦੇ ਟ੍ਰਾਏਸਟੇ ਦੇ ਇੰਟਰਨੈਸ਼ਨਲ ਸੈਂਟਰ ਫੌਰ ਥਿਊਰੈਟਿਕਲ ਫਿਜ਼ਿਕਸ (ਆਈਸੀਟੀਪੀ) ਵਿੱਚ ਥਿਊਰੈਟਿਕਲ ਕੰਡੈਂਸਡ ਮੈਟਰ ਫਿਜ਼ਿਕਸ ਵਿੱਚ ਪੋਸਟ-ਡਾਕਟਰਲ ਖੋਜ ਕੀਤੀ। ਉਹ 1997 ਤੋਂ 2004 ਤੱਕ ਆਈਸੀਟੀਪੀ ਦੇ ਐਸੋਸੀਏਟ ਵੀ ਰਹੇ ਅਤੇ ਕੇਂਦਰ ਵਿੱਚ ਇੱਕ ਖੋਜ ਆਗੂ ਵਜੋਂ ਕੰਮ ਕੀਤਾ।

ਇੱਕ ਭੌਤਿਕ ਵਿਗਿਆਨੀ ਜੋ ਸਿਧਾਂਤਕ ਅਤੇ ਕੰਪਿਊਟੇਸ਼ਨਲ ਸੰਘਣੇ ਪਦਾਰਥ ਭੌਤਿਕ ਵਿਗਿਆਨ ਵਿੱਚ ਮਾਹਰ ਹਨ, ਉਸ ਦੀਆਂ ਖੋਜ ਰੁਚੀਆਂ ਵਿੱਚ ਨੈਨੋਸਾਇੰਸ ਅਤੇ ਨੈਨੋਟੈਕਨੋਲੋਜੀ, ਤਰਲ-ਅਵਸਥਾ ਗਤੀਸ਼ੀਲਤਾ, ਕੰਪਿਊਟਰ ਸਿਮੂਲੇਸ਼ਨ ਅਤੇ ਮਾਡਲਿੰਗ, ਅਤੇ ਇਲੈਕਟ੍ਰੌਨ ਸਹਿ-ਸਬੰਧ ਸ਼ਾਮਲ ਹਨ। ਉਨ੍ਹਾਂ ਦੇ ਅਕਾਦਮਿਕ ਰਿਕਾਰਡ ਵਿੱਚ ਪ੍ਰਮੁੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ ਬੜੀ ਸੰਖਿਆ ਵਿੱਚ ਖੋਜ ਪ੍ਰਕਾਸ਼ਨ ਸ਼ਾਮਲ ਹਨ।

ਪ੍ਰੋ. ਟੰਕੇਸ਼ਵਰ ਕੁਮਾਰ ਦੇ ਪੁਰਸਕਾਰਾਂ ਅਤੇ ਮਾਨਤਾਵਾਂ ਵਿੱਚ ਵਾਈਸ ਚਾਂਸਲਰ ਆਵ ? ਦ ਈਅਰ ਅਵਾਰਡ, ਸ਼ਿਕਸ਼ਾ ਰਤਨ ਅਵਾਰਡ-2022, ਏਲੀਟ ਅਕਾਦਮਿਸ਼ਿਅਨ ਅਵਾਰਡ, ਐਜੂਕੇਸ਼ਨ ਲੀਡਰਸ਼ਿਪ ਅਵਾਰਡ, ਆਊਟਸਟੈਂਡਿੰਗ ਲੀਡਰਸ਼ਿਪ ਅਵਾਰਡ, ਇੰਟਰਨੈਸ਼ਨਲ ਹਾਇਰ ਐਜੂਕੇਸ਼ਨ ਐਕਸੀਲੈਂਸ ਅਵਾਰਡ ਅਤੇ ਵਿਸ਼ਿਸ਼ਟ ਸਨਮਾਨ ਸ਼ਾਮਲ ਹਨ। ਉਨ੍ਹਾਂ ਨੂੰ ਨਵੰਬਰ 2026 ਵਿੱਚ ਪਦਮ ਵਿਭੂਸ਼ਣ ਡਾ. ਮੁਰਲੀ ? ?ਮਨੋਹਰ ਜੋਸ਼ੀ ਅਵਾਰਡਾਂ ਵਿੱਚ ਲੀਜੈਂਡਰੀ ਟੀਚਰਸ ਅਵਾਰਡ ਮਿਲਿਆ। ਉਨ੍ਹਾਂ ਦੀਆਂ ਪਹਿਲਾਂ ਦੀਆਂ ਮਾਨਤਾਵਾਂ ਵਿੱਚ ਵਿਦਿਆਸਾਗਰ ਅਵਾਰਡ (2017), ਸੋਸਾਇਟੀ ਆਵ ? ਐਨਾਲਿਟੀਕਲ ਕੈਮਿਸਟਸ ਦੁਆਰਾ ਲਾਇਫਟਾਇਮ ਅਚੀਵਮੈਂਟ ਅਵਾਰਡ (2016), ਫੈਡਰੇਸ਼ਨ ਆਵ ? ਕਰੈਂਟੇਡਿ ਬਾਕਸ ਮੈਨੂਫੈਕਚਰਰਸ ਦੁਆਰਾ ਪ੍ਰਸ਼ੰਸਾ ਅਵਾਰਡ (2016), ਡਿਜੀਟਲ ਲਰਨਿੰਗ ਦੁਆਰਾ ਹਾਇਰ ਐਜੂਕੇਸ਼ਨ ਲੀਡਰਸ਼ਿਪ ਅਵਾਰਡ (2016), ਐਮਿਟੀ ਯੂਨੀਵਰਸਿਟੀ ਦੁਆਰਾ ਇਬੁਸ਼ ਅਵਾਰਡ (2015) ਅਤੇ ਵਿਜੈ ਸ਼੍ਰੀ ਅਵਾਰਡ ਸ਼ਾਮਲ ਹਨ। ਉਹ ਨੈਸ਼ਨਲ ਅਕੈਡਮੀ ਆਵ ? ਸਾਇੰਸਿਜ਼, ਇੰਡੀਆ ਦੇ ਮੈਂਬਰ ਵੀ ਹਨ, ਅਤੇ ਫੈਕਲਟੀ ਰੀਚਾਰਜ ਪ੍ਰੋਗਰਾਮ ਦੇ ਤਹਿਤ ਦੇਸ਼ ਦੇ ਪਹਿਲੇ ਯੂਜੀਸੀ ਪ੍ਰੋਫੈਸਰ ਸਨ।

ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-4 ਦੇ ਸਮਾਪਤੀ ਸਮਾਰੋਹ ਦੀਆਂ ਤਿਆਰੀਆਂ ਨੂੰ ਲੈ ਕੇ ਏਡੀਸੀ ਨੇ ਕੀਤੀ ਮੀਟਿੰਗ



ਹੁਸ਼ਿਆਰਪੁਰ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-4 ਦੇ ਸੂਬਾ ਪੱਧਰੀ ਸਮਾਪਤੀ ਸਮਾਰੋਹ ਦੀਆਂ ਤਿਆਰੀਆਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਮਰਜੀਤ ਬੈਂਸ ਨੇ ਅੱਜ ਲਾਜਵੰਤੀ ਸਟੇਡੀਅਮ ਵਿਖੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ 29 ਨਵੰਬਰ ਨੂੰ ਹੋਣ ਵਾਲੇ ਸਮਾਰੋਹ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।

ਇਸ ਮੌਕੇ ਉਨ੍ਹਾਂ ਕਿਹਾ ਕਿ ਸੂਬਾ ਪੱਧਰੀ ਸਮਾਪਤੀ ਸਮਾਰੋਹ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਪ੍ਰਸਿੱਧ ਗਾਇਕ ਮੀਕਾ ਸਿੰਘ ਆਪਣੀ ਗਾਇਕੀ ਦੀ ਪੇਸ਼ਕਾਰੀ ਦੇਣਗੇ। ਉਨ੍ਹਾਂ ਕਿਹਾ ਕਿ ਸਮਾਰੋਹ ਵਿੱਚ ਵੱਡੀ ਗਿਣਤੀ ਵਿੱਚ ਖਿਡਾਰੀਆਂ, ਖੇਡ ਪ੍ਰੇਮੀਆਂ ਅਤੇ ਆਮ ਲੋਕਾਂ ਦੇ ਪਹੁੰਚਣ ਦੀ ਸੰਭਾਵਨਾ ਨੂੰ ਦੇਖਦਿਆਂ ਸਾਰੇ ਲੋੜੀਂਦੇ ਪ੍ਰਬੰਧ ਪਹਿਲਾਂ ਤੋਂ ਹੀ ਯਕੀਨੀ ਬਣਾਏ ਜਾਣ।

ਮੀਟਿੰਗ ਵਿੱਚ ਸੁਰੱਖਿਆ ਪ੍ਰਬੰਧਾਂ, ਆਵਾਜਾਈ ਪ੍ਰਬੰਧਨ, ਪਾਰਕਿੰਗ, ਸਾਫ਼-ਸਫ਼ਾਈ, ਪੀਣ ਵਾਲੇ ਪਾਣੀ, ਬਿਜਲੀ, ਮੈਡੀਕਲ ਟੀਮਾਂ ਦੀ ਤਾਇਨਾਤੀ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਸਮੇਤ ਵੱਖ-ਵੱਖ ਪ੍ਰਬੰਧਾਂ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ ਗਈ। ਏਡੀਸੀ (ਵਿਕਾਸ) ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਨ੍ਹਾਂ ਨੂੰ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਪੂਰੀ ਗੰਭੀਰਤਾ ਨਾਲ ਨਿਭਾਉਂਦੇ ਹੋਏ ਸਾਰੇ ਪ੍ਰਬੰਧ ਨਿਰਧਾਰਤ ਸਮੇਂ ਤੋਂ ਪਹਿਲਾਂ ਮੁਕੰਮਲ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਸਮਾਰੋਹ ਦੌਰਾਨ ਖਿਡਾਰੀਆਂ, ਦਰਸ਼ਕਾਂ ਅਤੇ ਮਹਿਮਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨਹੀਂ ਹੋਣੀ ਚਾਹੀਦੀ। ਇਸ ਲਈ ਸਾਰੇ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ ਅਤੇ ਹਰੇਕ ਪ੍ਰਬੰਧ ਦੀ ਨਿਯਮਤ ਨਿਗਰਾਨੀ ਯਕੀਨੀ ਬਣਾਉਣ।ਇਸ ਮੌਕੇ ਆਰਟੀਓ ਅਮਨਦੀਪ ਕੌਰ ਘੁੰਮਣ, ਨਗਰ ਨਿਗਮ ਕਮਿਸ਼ਨਰ ਪ੍ਰੀਤਿੰਦਰ ਸਿੰਘ ਬੈਂਸ, ਐਸਪੀ ਨਵਨੀਤ ਕੌਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਹੁਸ਼ਿਆਰਪੁਰ ਮੈਡੀਕਲ ਕਾਲਜ ਦਾ ਵਿਧਾਇਕ ਜਿੰਪਾ ਨੇ ਕਰਵਾਇਆ ਭੂਮੀ ਪੂਜਨ, ਨਿਰਮਾਣ ਕਾਰਜ 2028 ਤੱਕ ਹੋਵੇਗਾ ਪੂਰਾ



ਹੁਸ਼ਿਆਰਪੁਰ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਵਾਸੀਆਂ ਦਾ ਲੰਬੇ ਸਮੇਂ ਤੋਂ ਦੇਖਿਆ ਜਾ ਰਿਹਾ ਮੈਡੀਕਲ ਕਾਲਜ ਦਾ ਸੁਪਨਾ ਹੁਣ ਸਾਕਾਰ ਹੋਣ ਦੀ ਦਿਸ਼ਾ ਵਿੱਚ ਅੱਗੇ ਵਧ ਗਿਆ ਹੈ। ਉਹ ਅੱਜ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਕੈਂਪਸ ਵਿੱਚ ਬਣਨ ਵਾਲੇ ਮੈਡੀਕਲ ਕਾਲਜ ਦੇ ਨਿਰਮਾਣ ਕਾਰਜ ਦੇ ਭੂਮੀ ਪੂਜਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਕਰੀਬ 276 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਇਸ ਮਹੱਤਵਪੂਰਨ ਪ੍ਰੋਜੈਕਟ ਦਾ ਨਿਰਮਾਣ ਕਾਰਜ ਸਾਲ 2028 ਤੱਕ ਪੂਰਾ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਵਿੱਚ ਮੈਡੀਕਲ ਕਾਲਜ ਦੀ ਸਥਾਪਨਾ ਜ਼ਿਲ੍ਹੇ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਅਤੇ ਚਿਰਾਂ ਤੋਂ ਦੇਖਿਆ ਜਾ ਰਿਹਾ ਸੁਪਨਾ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਸੁਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਮੈਡੀਕਲ ਕਾਲਜ ਬਣਨ ਨਾਲ ਨਾ ਸਿਰਫ਼ ਹੁਸ਼ਿਆਰਪੁਰ, ਸਗੋਂ ਆਸ-ਪਾਸ ਦੇ ਜ਼ਿਲ੍ਹਿਆਂ ਅਤੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਵੀ ਬਿਹਤਰ ਸਿਹਤ ਸਹੂਲਤਾਂ ਦਾ ਲਾਭ ਮਿਲੇਗਾ।

ਉਨ੍ਹਾਂ ਦੱਸਿਆ ਕਿ ਇਸ ਪੂਰੇ ਪ੍ਰੋਜੈਕਟ 'ਤੇ ਲਗਭਗ 276 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਵਿੱਚੋਂ ਕਰੀਬ 146 ਕਰੋੜ ਰੁਪਏ

ਸ਼੍ਰੋਮਣੀ ਅਕਾਲੀ ਭਾਜਪਾ ਗਠਜੋੜ ਤੋਂ ਬਾਅਦ ਬਦਲੇ ਰਾਜਨੀਤਿਕ ਸਮੀਕਰਨ ਕਈ ਹਲਕਿਆਂ ਦੇ ਐਲਾਨੇ ਜਾ ਚੁੱਕੇ ਉਮੀਦਵਾਰਾਂ ਦਾ ਭਵਿੱਖ ਖਤਰੇ 'ਚ

ਪਟਿਆਲਾ, 28 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-



ਸੂਬੇ ਅੰਦਰ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਿਛਲੇ ਲੰਮੇਂ ਸਮੇਂ ਤੋਂ ਲਟਕੇ ਹੋਏ ਗਠਜੋੜ ਦਾ ਗਠਜੋੜ ਹੋਣ ਦਾ ਐਲਾਨ ਹੁੰਦਿਆਂ ਹੀ ਰਾਜਨੀਤਿਕ ਸਮੀਕਰਨ ਬਦਲਣੇ ਸ਼ੁਰੂ ਹੋ ਗਏ ਹਨ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਗਠਜੋੜ ਹੋਇਆ ਤਾਂ ਪਟਿਆਲਾ ਦੀਆਂ ਨਗਰ ਨਿਗਮ ਚੋਣਾਂ ਦੇ ਉਮੀਦਵਾਰਾਂ ਵਿਚਕਾਰ ਚੱਲ ਰਹੀ ਮੁਕਾਬਲੇਬਾਜ਼ੀ ਠੰਡੀ ਹੁੰਦੀ ਦਿਖਾਈ ਦਿੱਤੀ। ਜਿਥੇ ਇੱਕ ਪਾਸੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਆਪਣੀ ਜਿੱਤ ਦੇ ਦਾਅਵੇ ਕਰ ਰਹੇ ਹਨ, ਉਥੇ ਹੀ ਮੁੜ ਤੋਂ ਨਗਰ ਨਿਗਮ ਚੋਣਾਂ ਕਰਵਾਉਣ ਵਾਲੀ ਭਾਜਪਾ ਦੇ ਉਮੀਦਵਾਰ ਲੋਕਤਾਂਤਰਿਕ ਢੰਗ ਨਾਲ ਚੋਣ ਹੋਣ 'ਤੇ ਜਿੱਤਣ ਦੀ ਪੂਰੀ ਆਸ ਲਗਾਈ ਬੈਠੇ ਹਨ। ਇਸ ਵਿਚਕਾਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵੀ ਆਪਣੀ ਜ਼ੋਰ ਅਜ਼ਮਾਈ ਕਰ ਰਹੇ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਉਮੀਦਵਾਰ ਆਪਸੀ ਗਠਜੋੜ ਦੀ ਤਾਕਤ ਪਛਾਣਦੇ ਹੋਏ ਇੱਕ ਦੂਜੇ ਉਮੀਦਵਾਰ ਦੇ ਹੱਕ ਵਿਚ ਬੈਠਦੇ ਹਨ ਤਾਂ ਉਨ੍ਹਾਂ ਦੀ ਜਿੱਤ ਯਕੀਨੀ ਬਣਾਈ ਜਾ ਸਕਦੀ ਹੈ। ਇਸੇ ਤਰ੍ਹਾਂ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਸਮੇਤ ਆਜ਼ਾਦ ਤੌਰ 'ਤੇ ਚੋਣ ਲੜਨ ਵਾਲੇ ਉਮੀਦਵਾਰਾਂ ਵਿਚਕਾਰ ਚਹੁੰਕੋਨੀ ਮੁਕਾਬਲੇ ਬਣੇ ਹੋਏ ਨਜ਼ਰ ਆ ਰਹੇ ਹਨ। ਇਸੇ ਤਰ੍ਹਾਂ ਵਿਧਾਨ ਸਭਾ ਚੋਣਾਂ ਲਈ ਪਟਿਆਲਾ ਜ਼ਿਲੇ ਦੇ ਸਮੁੱਚੇ 8 ਹਲਕਿਆਂ ਵਿਚ ਵੱਖ-ਵੱਖ ਪਾਰਟੀਆਂ ਤੋਂ ਚੋਣ ਲੜਨ ਵਾਲੇ ਉਮੀਦਵਾਰ ਪਿਛਲੇ ਲੰਮੇਂ ਸਮੇਂ ਤੋਂ ਤਿਆਰੀਆਂ ਖਿੱਚੀ ਬੈਠੇ ਹਨ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਚੋਟੀ ਦੇ ਆਗੂਆਂ ਨੇ ਵੱਖ-ਵੱਖ ਚੋਣ ਲੜਨ ਦੇ ਦਿੱਤੇ ਅਨੇਕਾਂ ਬਿਆਨ ਅਤੇ ਕੀਤੇ ਦਾਅਵਿਆਂ ਵਿਚਕਾਰ ਕਈ ਘਾਗ ਆਗੂਆਂ ਦੇ ਐਲਾਨ ਫੇਲ੍ਹ ਹੋ ਗਏ ਅਤੇ ਕਈ ਹਲਕਿਆਂ ਦੇ ਐਲਾਨੇ ਜਾ ਚੁੱਕੇ ਉਮੀਦਵਾਰਾਂ ਦਾ ਭਵਿੱਖ ਖਤਰੇ 'ਚ ਪਿਆ ਦਿਖਾਈ ਦੇਣ ਲੱਗਾ ਹੈ। ਜੇਕਰ ਦੋਵੇਂ ਪਾਰਟੀਆਂ ਦੇ ਐਲਾਨੇ ਜਾ ਚੁੱਕੇ ਜਾਂ ਹਲਕਾ ਇੰਚਾਰਜ ਲਗਾਏ ਜਾ ਚੁੱਕੇ ਉਮੀਦਵਾਰਾਂ ਦੀ ਮਿਹਨਤ 'ਤੇ ਨਜ਼ਰ ਮਾਰੀਏ ਤਾਂ ਉਹ ਪਿਛਲੇ ਲੰਮੇਂ ਸਮੇਂ ਤੋਂ ਆਪਣੀ ਦਾਅਵੇਦਾਰੀ ਲਈ ਮੌਜੂਦਾ ਸਰਕਾਰ ਨਾਲ ਆਰ-ਪਾਰ ਦੀ ਲੜਾਈ ਲੜ ਰਹੇ ਹਨ, ਜਿਨ੍ਹਾਂ ਨੇ ਆਪਣਾ ਤਨ, ਮਨ ਤੇ ਧਨ ਖਰਚ ਕੇ ਆਪਣੇ ਵਰਕਰਾਂ ਵਿਚਕਾਰ ਪੈਂਠ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ।

ਜ਼ਿਲ੍ਹਾ ਪਟਿਆਲਾ ਦੇ ਵਿਧਾਨ ਸਭਾ ਹਲਕਿਆਂ ਦੇ ਕੀ ਬਣਨਗੇ ਸਮੀਕਰਨ

ਆਉਣ ਵਾਲੀਆਂ ਵਿਧਾਨ ਸਭਾ ਲਈ ਜ਼ਿਲ੍ਹਾ ਪਟਿਆਲਾ ਦੇ 8 ਵਿਧਾਨ ਸਭਾ ਹਲਕਿਆਂ ਵਿਚ ਗਠਜੋੜ ਦੇ ਉਮੀਦਵਾਰ ਅਲੱਗ-ਅਲੱਗ ਤੌਰ 'ਤੇ ਤਿਆਰੀਆਂ ਖਿੱਚੀ ਬੈਠੇ ਹਨ ਪਰ ਹੁਣ ਗਠਜੋੜ ਤੋਂ ਬਾਅਦ ਰਾਜਨੀਤਿਕ ਸਮੀਕਰਨ ਬਿਲਕੁੱਲ ਬਦਲ ਚੁੱਕੇ ਹਨ, ਜਿਵੇਂ ਕਿ ਸਮਾਣਾ ਹਲਕਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦਾ ਭਾਜਪਾ ਵਿਚ ਚਲੇ ਜਾਣਾ, ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਵੱਲੋਂ ਜਗਮੀਤ ਸਿੰਘ ਹਰਿਆਊ ਨੂੰ ਹਲਕਾ ਇੰਚਾਰਜ ਲਗਾ ਕੇ ਉਮੀਦਵਾਰ ਐਲਾਨ ਕੇ ਮਿਹਨਤ ਕਰਨ ਦੇ ਦਿੱਤੇ ਥਾਪੜੇ ਤੋਂ ਬਾਅਦ ਇਹ ਸੀਟ ਕਿਸ ਦੇ ਖਾਤੇ ਵਿਚ ਜਾਂਦੀ ਹੈ। ਇਹ ਵੀ ਹਲਕੇ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸੇ ਤਰ੍ਹਾਂ ਸ਼ੁਤਰਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇਕਲੌਤੇ ਉਮੀਦਵਾਰ ਬਾਬੂ ਕਬੀਰ ਦਾਸ ਪਿੰਡਾਂ ਤੇ ਸ਼ਹਿਰਾਂ ਵਿਚ ਆਪਣਾ ਰਾਬਤਾ ਕਾਇਮ ਕੀਤਾ ਹੋਇਆ ਹੈ। ਭਾਜਪਾ ਦੇ ਨਰਾਇਣ ਸਿੰਘ ਨਰਸੋਤ ਪਹਿਲਾਂ ਵੀ ਭਾਜਪਾ ਤੋਂ ਚੋਣ ਲੜ੍ਹ ਚੁੱਕੇ ਹਨ। ਇਸੇ ਤਰ੍ਹਾਂ ਸਨੌਰ ਹਲਕੇ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਆਪਣੀ ਸਰਕਾਰ ਵਿਚ ਹੀ ਮੁਸ਼ਕਲਾਂ ਭਰਿਆ ਸਮਾਂ ਬਤੀਤ ਕਰਨ ਤੋਂ ਬਾਅਦ ਭਾਜਪਾ ਵਿਚ ਸ਼ਾਮਲ ਹੋ ਕੇ ਹਲਕੇ ਦੇ ਚੋਣ ਸਮੀਕਰਨ ਬਦਲ ਦਿੱਤੇ ਪਰ ਹਾਲੀਆ ਗਠਜੋੜ ਦੇ ਐਲਾਨ ਤੋਂ ਕੁਝ ਦਿਨ ਪਹਿਲਾਂ ਹੀ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਤੇ ਉਨ੍ਹਾਂ ਦੇ ਪੁੱਤਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਸਾਬਕਾ ਵਿਧਾਇਕ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਨੂੰ ਅਲਵਿਦ੍ਹਾ ਆਖ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਸਨੌਰ ਦਾ ਹਲਕਾ ਇੰਚਾਰਜ ਨਿਯੁਕਤ ਕਰ ਦਿੱਤਾ ਗਿਆ ਸੀ, ਜਿਨ੍ਹਾਂ ਨੇ ਆਪਣੇ ਨਾਲ ਜੁੜੇ ਵਰਕਰਾਂ ਤੇ ਆਗੂਆਂ ਨੂੰ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਕਰਵਾਉਣ ਦੀ ਮੁਹਿੰਮ ਵਿੱਢੀ ਹੋਈ ਹੈ। ਇਸੇ ਤਰ੍ਹਾਂ ਨਾਲ ਲਗਦੇ ਹਲਕਾ ਘਨੌਰ ਤੋਂ ਭਾਜਪਾ ਦੀ ਦਾਅਵੇਦਾਰੀ ਪੇਸ਼ ਕਰਨ ਵਾਲੇ ਵਿਕਾਸ ਸ਼ਰਮਾ ਵੱਲੋਂ ਜ਼ੋਰ-ਸ਼ੋਰ ਨਾਲ ਚੋਣ ਦੀ ਤਿਆਰੀ ਕੀਤੀ ਜਾ ਰਹੀ ਹੈ, ਪਰ ਇਸ ਦੇ ਸਾਹਮਣੇ ਯੂਥ ਅਕਾਲੀ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵੱਲੋਂ ਜੰਗੀ ਪੱਧਰ 'ਤੇ ਪੂਰੇ ਸੂਬੇ ਵਿਚ ਨੌਜਵਾਨਾਂ ਨੂੰ ਲਾਮਬੰਦ ਕਰਕੇ ਸ਼੍ਰੋਮਣੀ ਅਕਾਲੀ ਦਲ ਨਾਲ ਜੋੜਿਆ ਜਿਥੇ ਨੌਜਵਾਨਾਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪੈਦਲ ਮਾਰਚ ਸ਼ੁਰੂ ਕੀਤਾ ਗਿਆ। ਇਸੇ ਤਰ੍ਹਾਂ ਰਾਜਪੁਰਾ ਸੀਟ 'ਤੇ ਹਿੰਦੂ ਵੋਟ ਬਹੁਗਿਣਤੀ ਵਿਚ ਹੋਣ ਕਾਰਨ ਇਸ ਸੀਟ ਤੋਂ ਵੀ ਕਾਂਗਰਸ ਪਾਰਟੀ ਨੂੰ ਅਲਵਿਦ੍ਹਾ ਆਖ ਕੇ ਮੋਤੀ ਮਹਿਲ ਦੇ ਖਾਸਮਖਾਸ ਹਰਦਿਆਲ ਸਿੰਘ ਕੰਬੋਜ ਵੱਲੋਂ ਭਾਜਪਾ ਵਿਚ ਸ਼ਾਮਲ ਹੋ ਕੇ ਦਾਅਵੇਦਾਰੀ ਜਤਾਈ ਗਈ, ਜਦਕਿ ਪਹਿਲਾਂ ਤੋਂ ਭਾਜਪਾ ਦੇ ਦਾਅਵੇਦਾਰੀ ਕਰਨ ਵਾਲੇ ਚਰਨਜੀਤ ਸਿੰਘ ਬਰਾੜ ਤੇ ਜਗਦੀਸ਼ ਜੱਗਾ ਦੀ ਮਿਹਨਤ 'ਤੇ ਪਾਣੀ ਫੇਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੀ ਮਿਹਨਤ ਵੀ ਅਸਫਲ ਹੁੰਦੀ ਦਿਖਾਈ ਦੇ ਰਹੀ ਹੈ। ਇਸੇ ਤਰ੍ਹਾਂ ਰਿਆਸਤੀ ਸ਼ਹਿਰ ਨਾਭਾ ਰਿਜ਼ਰਵ ਹਲਕੇ ਦੀ ਗੱਲ ਕੀਤੀ ਜਾਵੇ ਤਾਂ ਕਈ ਵਾਰ ਕਈ ਪਾਰਟੀਆਂ ਦੀ ਅਦਲੀ ਬਦਲੀ ਕਰਨ ਤੋਂ ਬਾਅਦ ਮੁੜ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ ਮੱਖਣ ਸਿੰਘ ਲਾਲਕਾ ਨੂੰ ਪਾਰਟੀ ਨੇ ਹਲਕਾ ਇੰਚਾਰਜ ਨਿਯੁਕਤ ਕੀਤਾ ਹੋਇਆ ਹੈ, ਜਿਨ੍ਹਾਂ ਨੂੰ ਗਠਜੋੜ ਉਪਰੰਤ ਆਪਣੀ ਜਿੱਤ ਯਕੀਨੀ ਦਿਖਾਈ ਦੇ ਰਹੀ ਹੈ, ਜਦੋਂਕਿ ਭਾਜਪਾ ਦਾ ਬਰਿੰਦਰ ਸਿੰਘ ਬਿੱਟੂ ਵੀ ਵੱਖ-ਵੱਖ ਮੁੱਦਿਆਂ 'ਤੇ ਜਨਤਾ ਦੀ ਲੜਾਈ ਲੜਦਾ ਨਜ਼ਰ ਆਇਆ ਹੈ। ਜੋ ਕਿ ਸ਼ਹਿਰੀ ਅਤੇ ਦਿਹਾਤੀ ਖੇਤਰ ਵਿਚ ਚੰਗੀ ਪਕੜ ਰੱਖਦਾ ਹੈ। ਨਾਲ ਲੱਗਦਾ ਹਲਕਾ ਪਟਿਆਲਾ ਦਿਹਾਤੀ ਜੋ ਕਿ ਪਟਿਆਲਾ ਸ਼ਹਿਰ ਦੇ ਕਾਫੀ ਹਿੱਸੇ ਨੂੰ ਅਤੇ ਪਿੰਡਾਂ ਨੂੰ ਜੋੜ ਕੇ ਬਣਾਇਆ ਗਿਆ ਹੈ, ਜਿਸ 'ਤੇ ਭਾਜਪਾ ਵੱਲੋਂ ਵੱਡਾ ਹਿੱਸਾ ਹਿੰਦੂ ਵੋਟ ਬੈਂਕ ਹੋਣ ਕਾਰਨ ਆਪਣਾ ਦਾਅਵਾ ਜਤਾਇਆ ਜਾ ਰਿਹਾ ਹੈ। ਇਸ ਹਲਕੇ ਤੋਂ ਮੋਤੀ ਮਹਿਲ ਤੇ ਬੀਬੀ ਪ੍ਰਨੀਤ ਕੌਰ ਦੇ ਨਿਕਟਵਰਤੀ ਐਡਵੋਕੇਟ ਸਤਬੀਰ ਸਿੰਘ ਖੱਟੜਾ ਪਿਛਲੇ ਲੰਮੇਂ ਸਮੇਂ ਤੋਂ ਰਾਜਨੀਤੀ ਦੇ ਪਿੜ੍ਹ ਵਿਚ ਜ਼ੋਰ ਅਜ਼ਮਾਈ ਕਰ ਰਹੇ ਹਨ। ਦੋ ਵਾਰ ਵਿਧਾਨ ਸਭਾ ਚੋਣ ਲੜ ਕੇ ਆਪਣੀ ਨਿੱਜੀ ਆਧਾਰ ਕਾਇਮ ਰੱਖ ਕੇ ਦੀ ਪਟਿਆਲਾ ਵੈਲਫੇਅਰ ਸੁਸਾਇਟੀ ਰਾਹੀਂ ਲੋਕ ਸੇਵਾ ਵਿਚ ਤੱਤਪਰ ਰਹਿੰਦੇ ਹਨ ਦੇ ਬਰਾਬਰ ਹੋਰ ਕੋਈ ਆਗੂ ਨਜਰ ਨਹੀਂ ਆਉਂਦਾ। ਜਦੋਂਕਿ ਸ਼੍ਰੋਮਣੀ ਅਕਾਲੀ ਦਲ ਦੇ ਨਿਧੜਕ ਜਰਨੈਲ ਤੇ ਹਲਕਾ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਦੀ ਅਗਵਾਈ ਹੇਠ ਅਕਾਲੀ ਦਲ ਲਗਾਤਾਰ ਮਜ਼ਬੂਤੀ ਵੱਲ ਵਧ ਰਿਹਾ ਹੈ। ਭਾਵੇਂਕਿ ਡਾਕਟਰ ਧਰਮਵੀਰ ਗਾਂਧੀ ਤੋਂ ਬਾਅਦ ਹੁਣ ਮੌਜੂਦਾ ਸਰਕਾਰ ਦੇ ਮੰਤਰੀ ਡਾਕਟਰ ਬਲਬੀਰ ਸਿੰਘ ਨਾਲ ਹੋਈ ਰਾਜਨੀਤਿਕ ਤੂੰ-ਤੂੰ, ਮੈਂ-ਮੈਂ ਤੋਂ ਬਾਅਦ ਦਰਜ ਹੋਏ ਪਰਚੇ ਕਾਰਨ ਪਹਿਲਾਂ ਹੀ ਪਾਰਟੀ ਦੀ ਗੁੱਡ ਫੇਥ ਵਿਚ ਦਿਖਾਈ ਦੇ ਰਹੇ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਦੋਵੇਂ ਉਮੀਦਵਾਰਾਂ ਵਿਚੋਂ ਕਿਸ ਦਾ ਭਵਿੱਖ ਸੁਰੱਖਿਅਤ ਰਹਿੰਦਾ ਤੇ ਕਿਸ ਦਾ ਭਵਿੱਖ ਖਤਰੇ 'ਚ। ਪੂਰੇ ਜ਼ਿਲ੍ਹੇ ਅੰਦਰ ਹੋਟ ਸੀਟ ਬਣੀ ਪਟਿਆਲਾ ਸ਼ਹਿਰੀ 'ਤੇ ਭਾਵੇਂ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪੁੱਤਰੀ ਬੀਬਾ ਜੈਇੰਦਰ ਕੌਰ ਮੁੱਖ ਦਾਅਵੇਦਾਰੀ ਜਤਾ ਰਹੇ ਹਨ, ਜਦੋਂਕਿ ਸ਼੍ਰੋਮਣੀ ਅਕਾਲੀ ਦਲ ਕੋਲ ਹਾਲੇ ਤੱਕ ਜ਼ਿਲ੍ਹਾ ਪ੍ਰਧਾਨ ਅਮਿਤ ਸਿੰਘ ਰਾਠੀ ਤੇ ਸਾਬਕਾ ਮੇਅਰ ਅਮਰਿੰਦਰ ਸਿੰਘ ਬਾਜਾਜ਼ ਵੀ ਮਜ਼ਬੂਤ ਦਾਅਵੇਦਾਰ ਮੰਨੇ ਜਾ ਰਹੇ ਹਨ। ਪਰ ਗਠਜੋੜ ਦੇ ਐਲਾਨ ਤੋਂ ਬਾਅਦ ਪਟਿਆਲਾ ਸ਼ਹਿਰੀ ਸੀਟ ਭਾਜਪਾ ਦੇ ਖਾਤੇ ਵਿਚ ਜਾਣਾ ਲਗਭਗ ਤੈਅ ਮੰਨੀ ਜਾ ਸਕਦੀ ਹੈ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਿਚਕਾਰ ਗਠਜੋੜ ਹੋਣ ਦੀ ਵਕਾਲਤ ਕਰਨ ਵਾਲੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਭਾਜਪਾ ਆਗੂ ਸੁਨੀਲ ਕੁਮਾਰ ਜਾਖੜ ਦੀ ਅਹਿਮ ਭੂਮਿਕਾ ਰਹੀ ਹੈ, ਪਰ ਇਹ ਦੋਵੇਂ ਹੀ ਆਗੂ ਇਹ ਗਠਜੋੜ ਹੋਣ ਸਮੇਂ ਸੀਨੀਅਰ ਆਗੂਆਂ ਵੱਲੋਂ ਅਣਦੇਖੇ ਕੀਤੇ ਗਏ, ਜਿਸ ਦੇ ਕਾਰਨ ਕੁਝ ਵੀ ਹੋਣ ਪਰ ਗਠਜੋੜ ਹੋਣ ਕਾਰਨ ਦੋਵੇਂ ਦਲਾਂ ਦੇ ਆਗੂ ਤੇ ਵਰਕਰਾਂ ਵਿਚ ਸਰਕਾਰ ਬਣਾਉਣ ਨੂੰ ਲੈ ਕੇ ਸੰਭਾਵਨਾ ਵਿਚ ਵਾਧਾ ਨਜ਼ਰ ਆ ਰਿਹਾ ਹੈ।

'ਆਪ' ਸਰਕਾਰ ਨੇ ਸ਼ਾਮਲਾਟ ਜ਼ਮੀਨਾਂ ਸ਼ੱਕੀ ਵਿਅਕਤੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਲਾਟ ਕੀਤੀ: ਸੁਨੀਲ ਜਾਖੜ



ਚੰਡੀਗੜ੍ਹ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਸ਼ਾਮਲਾਟ (ਸਾਂਝੀ ਪੰਚਾਇਤੀ ਜ਼ਮੀਨ) ਜ਼ਮੀਨ ਸ਼ੱਕੀ ਕਿਰਦਾਰਾਂ (ਵਿਅਕਤੀਆਂ) ਨੂੰ ਸ਼ਰੇਆਮ ਗੈਰ-ਕਾਨੂੰਨੀ ਢੰਗ ਨਾਲ ਅਲਾਟ ਕੀਤੀ ਗਈ ਹੈ। ਇਹ ਗੱਲ ਭਾਜਪਾ ਦੀ ਪੰਜਾਬ ਇਕਾਈ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਇੱਥੇ ਪਾਰਟੀ ਦਫ਼ਤਰ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਹੀ।

ਖਾਸ ਕਰਕੇ ਕੌਮਾਂਤਰੀ ਸਰਹੱਦ ਦੇ ਨੇੜੇ ਗੁਰਦਾਸਪੁਰ ਅਤੇ ਪਠਾਨਕੋਟ ਵਿੱਚ ਗੈਰ-ਕਾਨੂੰਨੀ ਮਾਈਨਿੰਗ ਦੇ ਗੰਭੀਰ ਮੁੱਦੇ ਨੂੰ ਉਭਾਰਦਿਆਂ,ਉਨ੍ਹਾਂ ਸ਼ਾਮਲਾਟ (ਸਾਂਝੀ ਪੰਚਾਇਤੀ ਜ਼ਮੀਨ) ਨੂੰ ਗੈਰ-ਕਾਨੂੰਨੀ ਮਾਈਨਰਾਂ ਨੂੰ ਤਬਦੀਲ ਕਰਨ ਬਾਰੇ ਗੱਲ ਕੀਤੀ। ਇਸ ਮੁੱਦੇ ਦਾ ਹਾਲ ਹੀ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਪਰਦਾਫਾਸ਼ ਕੀਤਾ ਗਿਆ ਸੀ। ਕਈ ਥਾਵਾਂ 'ਤੇ ਜੰਗਲਾਤ ਖੇਤਰ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਕਾਨੂੰਨ ਸਪੱਸ਼ਟ ਤੌਰ 'ਤੇ ਜੰਗਲਾਂ ਦੇ ਨਾਲ ਲੱਗਦੇ ਇੱਕ ਕਿਲੋਮੀਟਰ ਦੇ ਖੇਤਰ ਵਿੱਚ ਮਾਈਨਿੰਗ ਨਾ ਕਰਨ ਦੀ ਵਿਵਸਥਾ ਕਰਦਾ ਹੈ।

ਉਨ੍ਹਾਂ ਸ਼ੱਕੀ ਕਿਰਦਾਰਾਂ ਨੂੰ ਜਾਗੀ ਕੀਤੇ ਗਏ ਐਲ.ਓ.ਆਈ.(ਲੈਟਰ ਆਫ਼ ਇੰਟੈਂਟ) ਦੀਆਂ ਖਾਸ ਉਦਾਹਰਣਾਂ ਦਿੱਤੀਆਂ ਅਤੇ ਕਿਹਾ ਇੱਥੋਂ ਤੱਕ ਕਿ ਨਿਯਮਾਂ ਵਿੱਚ ਅਖੌਤੀ ਫੇਰਬਦਲ ਵੀ ਗੈਰ-ਕਾਨੂੰਨੀ ਹੈ। ਉਹ ਪਠਾਨਕੋਟ ਖੇਤਰ ਵਿੱਚ 150 ਏਕੜ ਦੇ ਖਾਸ ਟੁਕੜੇ ਦਾ ਹਵਾਲਾ ਦੇ ਰਹੇ ਸਨ।

ਇਸ ਵਿੱਚ ਤਿੰਨ ਮੰਤਰਾਲੇ—ਮਾਈਨਿੰਗ, ਪੰਚਾਇਤੀ ਰਾਜ ਮੰਤਰਾਲਾ ਅਤੇ ਜੰਗਲਾਤ ਮੰਤਰਾਲਾ ਸ਼ਾਮਲ ਹਨ।

ਭਾਜਪਾ ਆਗੂ ਨੇ ਕਿਹਾ ਕਿ ਮੈਂ ਸਥਿਤੀ ਦੀ ਗੰਭੀਰਤਾ ਦਿਖਾਉਣ ਲਈ ਜਲਦੀ ਹੀ ਹੋਰ ਫਾਈਲਾਂ ਪੇਸ਼ ਕਰਾਂਗਾ। ਮੈਂ ਇਸ ਵਿੱਚ ਸ਼ਾਮਲ ਸਾਰਿਆਂ ਦੇ ਨਾਮ ਦੱਸਾਂਗਾ। ਸਾਡੀ ਚਾਰਜਸ਼ੀਟ ਸਬੂਤਾਂ ਸਮੇਤ ਹੋਵੇਗੀ।

ਸਾਲਾਨਾ ਜੋੜ ਮੇਲੇ 'ਤੇ ਮਨੁੱਖਤਾ ਦੇ ਭਲੇ ਲਈ 21 ਯੂਨਿਟ ਖੂਨ ਦਾਨ



ਪਟਿਆਲਾ, 28 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਟਿੱਲਾ ਬਾਬਾ ਸ੍ਰੀ ਚੰਦ ਜੀ ਦੇ ਅਸਥਾਨ ਡਕਾਲਾ ਵਿਖੇ ਕਪਾਲ ਮੋਚਨ ਸਾਲਾਨਾ ਜੋੜ ਮੇਲੇ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਹੋਈ। ਕਵੀਸ਼ਰੀ ਜੱਥਿਆਂ ਨੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਗੁਰਬਾਣੀ ਲੜ ਲੱਗਣ ਲਈ ਪ੍ਰੇਰਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹਿਊਮਨ ਵੈਲਫੇਅਰ ਫਾਊਂਡੇਸ਼ਨ ਅਤੇ ਐਚ. ਡੀ. ਐਫ. ਸੀ. ਬੈਂਕ ਬ੍ਰਾਂਚ ਛੋਟੀ ਬਾਰਾਂਦਾਰੀ ਪਟਿਆਲਾ ਵੱਲੋਂ ਸਾਂਝੇ ਤੌਰ 'ਤੇ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਮਨੁੱਖਤਾ ਦੇ ਭਲੇ ਲਈ ਖੂਨਦਾਨ ਕੈਂਪ ਲਗਾਇਆ ਜਿਸ ਵਿਚ 21 ਵਲੰਟੀਅਰਾਂ ਨੇ ਖੂਨਦਾਨ ਕੀਤਾ। ਖੂਨਦਾਨੀਆਂ ਨੂੰ ਸਰਟੀਫਿਕੇਟ ਤੇ ਗਮਛਾ ਦੇ ਕੇ ਸਨਮਾਨਤ ਕੀਤਾ ਗਿਆ।

ਖੂਨਦਾਨੀਆਂ ਨੂੰ ਆਸ਼ੀਰਵਾਦ ਦੇਣ ਲਈ

ਪਾਠਕਾਂ ਦੀ ਕਲਮ ਤੋਂ

‘ਭਰੂਣ ਹੱਤਿਆ ਅਤੇ ਦਾਜ ਵਰਗੀ ਲਾਹਨਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਹਰ ਇੱਕ ਨਾਗਰਿਕ ਦਾ ਪੜ੍ਹਿਆ ਲਿਖਿਆ ਹੋਣਾ ਜ਼ਰੂਰੀ’



ਲੇਖਕ ਤੇਜੀ ਢਿੱਲੋ
ਬੁਢਲਾਡਾ ਜ਼ਿਲ੍ਹਾ ਮਾਨਸਾ
ਸਪੰਰਕ 99156-45003

ਸਮਾਜ ਵਿੱਚ ਚੱਲ ਰਹੀ ਦਾਜ - ਦਹੇਜ ਦੀ ਪ੍ਰਥਾ, ਭਰੂਣ ਹੱਤਿਆ ਅਤੇ ਅਨਪੜਤਾ ਨੂੰ ਖਤਮ ਕਰਨਾ ਸਮੇ ਦੀ ਮੁੱਖ ਲੋੜ ਬਣ ਗਿਆ ਹੈ, ਕਿਉਂਕਿ ਇਹਨਾ ਤਿੰਨਾ ਜਾਨਿਕ ਦਾਜ - ਦਹੇਜ, ਭਰੂਣ ਹੱਤਿਆ ਅਤੇ ਅਨਪੜਤਾ ਕਰਕੇ ਹੀ ਸਮਾਜ ਹੋਰ ਪਾਸੇ ਨੂੰ ਤੁਰਿਆ ਜਾ ਰਿਹਾ ਹੈ, ਸਭ ਤੋ ਪਹਿਲਾ ਦੇਸ਼ ਅੰਦਰ ਹਰ ਇੱਕ ਨਾਗਰਿਕ ਨੂੰ ਪੜਾਉਣਾ ਲਾਜਮੀ ਹੈ, ਕਿਉਂਕਿ ਅਨਪੜਤਾ ਹੀ ਇਹਨਾਂ ਦੀ ਸਭ ਤੋ ਵੱਡੀ ਕਮਜੋਰੀ ਹੈ, ਫਿਰ ਦਾਜ - ਦਹੇਜ ਜਾਂ ਭਰੂਣ ਹੱਤਿਆ ਹੋਵੇ, ਇਸ ਦੀ ਮੁੱਢਲੀ ਜੜ੍ਹ ਅਨਪੜਤਾ ਹੈ, ਕਿਉਂਕਿ ਅਨਪੜ ਨਾਗਰਿਕ ਇੱਕ ਬੱਚੇ ਦੀ ਤਰਾ ਬਣ ਜਾਦਾ ਹੈ ਉਹ ਸਹੀ ਗਲਤ ਦੀ ਪਹਿਚਾਣ ਨਹੀ ਕਰ ਸਕਦਾ, ਉਹ ਸਿਰਫ ਸਲਾਹ ਮਸਵਰੇ ਨਾਲ ਚਲਦਾ ਹੈ, ਜੋ ਸਲਾਹ ਦਿੰਦੇ ਹਨ ਜਾਂ ਜਿਹਨਾ ਤੋ ਸਲਾਹ ਲੈ ਕੇ ਉਹ ਕੋਈ ਵੀ ਕੰਮ ਕਰਦਾ ਹੈ ਉਹ ਵੀ ਬਿਲਕੁਲ ਅਨਪੜ ਹੁੰਦੇ ਹਨ, ਜਿਸ ਦਾ ਅਸਰ ਅਗਲੀਆ ਪੀੜੀਆ ਤੇ ਪੈ ਜਾਂਦਾ ਹੈ, ਇਸ ਲਈ ਚੰਗਾ ਸਮਾਜ ਸਿਰਜਣ ਲਈ ਹਰ ਨਾਗਰਿਕ ਨੂੰ ਜਾਗੂਰਿਤ ਕਰਨਾ ਪੈਦਾ ਹੈ, ਕਿਉਂਕਿ ਇੱਕ ਪੜ੍ਹਿਆ ਲਿਖਿਆ ਨਾਗਰਿਕ ਹੀ ਕਿਸੇ ਦੇ ਸਮਝਾਇਆ ਸਮਝ ਸਕਦਾ ਹੈ, ਜੇਕਰ ਕਿਸੇ ਵੀ ਦੇਸ ਦੇ ਸਾਰੇ ਨਾਗਰਿਕ ਪੜੇ ਲਿਖੇ ਹੋਣ ਉਥੇ ਭਰੂਣ ਹੱਤਿਆ ਅਤੇ ਦਾਜ - ਦਹੇਜ ਵਰਗੀਆ ਲਾਹਨਤਾ ਘੱਟ ਹੀ ਜਨਮ ਲੈਦੀਆ ਹਨ, ਪੜੇ ਲਿਖੇ ਨਾਗਰਿਕ ਇੱਕ ਦੂਜੇ ਦੀ ਭਾਵਨਾਵਾ ਨੂੰ ਸਮਝਦੇ ਹੋਏ ਇਹੋ ਜਿਹੇ ਕਦਮ ਚੁੱਕਣ ਤੋ ਪਹਿਲਾ ਬਹੁਤ ਵਾਰ ਸੋਚਦੇ ਹਨ।

ਅਨਪੜਤਾ ਦੇ ਖਤਮ ਹੋਣ ਤੋ ਬਾਅਦ ਹੀ ਸਮਾਜ ਦੇ ਕਲੱਬ ਜੋ ਲੋਕ ਭਲਾਈ ਦੇ ਕੰਮ ਕਰਦੇ ਅਤੇ ਹੋਰ ਜਿੰਨੀਆ ਵੀ ਜਥੇਬੰਦੀਆ ਇਹੋ ਜਿਹੇ ਕਾਰਜ ਕਰਦੀਆ ਹਨ, ਸਭ ਨੂੰ ਅੱਗੇ ਆ ਕੇ ਇਸ ਤਰ੍ਹਾਂ ਦੇ ਪਰੋਗਰਾਮ ਉਲੀਕੇ ਜਾਣ ਜਿਸ ਨਾਲ ਲੋਕਾਂ ਨੂੰ ਦਾਜ ਦਹੇਜ ਮੰਗਣ ਤੋ ਰੋਕਿਆ ਜਾ ਸਕਦਾ ਹੋਵੇ, ਜਦੋ ਸਮਾਜ ਵਿੱਚੋ ਦਾਹ ਦਹੇਜ ਦੀ ਪ੍ਰਥਾ ਨੂੰ ਕੁਝ ਢੱਲ ਪਾ ਲਈ ਜਾਦੀ ਹੈ ਤਾਂ ਭਰੂਣ ਹੱਤਿਆਵਾ ਦਾ ਘੱਟਣਾ ਸੰਭਵ ਹੈ, ਜਿਨ੍ਹਾ ਟਾਇਮ ਦਾਜ - ਦਹੇਜ ਦੀ ਪ੍ਰਥਾ ਨੂੰ ਨਹੀ ਰੋਕਿਆ ਜਾਦਾ, ਉਹਨਾਂ ਟਾਇਮ ਭਰੂਣ ਹੱਤਿਆਵਾ ਨੂੰ ਰੋਕਣਾ ਬਹੁਤ ਹੀ ਅਸੰਭਵ ਹੈ, ਹਰ ਨਾਗਰਿਕ ਨੂੰ ਪੜ੍ਹਾ ਕੇ ਉਸ ਵਿੱਚ ਸਮਝ ਪੈਦਾ ਕੀਤੀ ਜਾ ਸਕਦੀ ਹੈ ਕਿ ਦਾਹ - ਦਹੇਜ ਲੈਣਾ ਕਿੰਨੀ ਮਾੜੀ ਗੱਲ ਹੈ, ਜੇਕਰ ਵੇਖਿਆ ਜਾਵੇ ਤਾਂ ਸਾਡੇ ਪੁਰਖਿਆ ਸਮੇ ਦਾਜ ਦਹੇਜ ਦੀ ਪ੍ਰਥਾ ਨਹੀ ਹੁੰਦੀ ਸੀ, ਉਸ ਸਮੇ ਭਰੂਣ ਹੱਤਿਆਵਾ ਵੀ ਨਹੀ ਹੁੰਦੀਆ ਸਨ, ਜਦੋ ਦਾਜ - ਦਹੇਜ ਦੀ ਪ੍ਰਥਾ ਚੱਲੀ ਤਾਂ ਨਾਲ ਹੀ ਭਰੂਣ ਹੱਤਿਆ ਦਾ ਦੌਰ ਚੱਲ ਪਿਆ, ਦਾਜ ਦਹੇਜ ਦਾ ਸਿੱਧਾ ਸਿੱਧਾ ਅਸਰ ਸਾਡੀਆ ਆਉਣ ਵਾਲੀਆ ਪੀੜੀਆ ਤੇ ਪਵੇਗਾ, ਜਿਸ ਨਾਲ ਅਸੀ ਆਪਣੇ ਸਮਾਜ ਦੀ ਹੋਂਦ ਖਤਮ ਕਰ ਲਵਾਗੇ, ਜਦੋ ਅਸੀ ਖੁਦ ਹੀ ਨਾ ਅੱਗੇ ਵੱਧ ਸਕਦੇ ਹੋਏ, ਫਿਰ ਦਾਜ - ਦਹੇਜ ਦੇ ਰੂਪ ਵਿੱਚ ਲਈਆ ਦੋਲਤਾਂ ਸੋਹਰਤਾ ਕਿਸ ਕੰਮ ਦੀਆ ਹੋਣਗੀਆ, ਜੇਕਰ ਇਸੇ ਤਰ੍ਹਾ ਦਾਜ - ਦਹੇਜ ਦੀ ਪ੍ਰਥਾ ਚਲਦੀ ਰਹੀ ਤਾਂ ਉਹ ਦਿਨ ਵੀ ਦੂਰ ਨਹੀ ਜਦੋ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਹੋਰ ਘੱਟ ਜਾਵੇਗੀ, ਜਿਸ ਨਾਲ ਅਸੀ ਆਪਣੇ ਸਮਾਜ ਜਾਨਿ ਸਮਾਜ ਨੂੰ ਪ੍ਰਫੁਲਤ ਨਹੀ ਕਰ ਸਕਾਗੇ ਤੇ ਕੁਝ ਸਮੇ ਵਿੱਚ ਹੀ ਆਪਣੀ ਹੋਂਦ ਖਤਮ ਕਰ ਲਵਾਗੇ, ਇਸ ਲਈ ਭਰੂਣ ਹੱਤਿਆ ਅਤੇ ਦਾਜ ਦੀ ਲਾਹਨਤ ਨੂੰ ਰੋਕਣ ਲਈ ਹਰ ਨਾਗਰਿਕ ਦਾ ਪੜਿਆ ਲਿਖੀਆ ਹੋਣਾ ਜਰੂਰੀ ਹੈ।

ਤਰਕਸ਼ੀਲਾਂ ਔਰਤ ਨੂੰ ਕਚੀਲਾਂ ਤੋਂ ਮੁਕਤ ਕੀਤਾ



ਸਮਾਜ ਵਿੱਚ ਡਰ ਹਰੇਕ ਵਿਅਕਤੀ ਵਿੱਚ ਪਾਇਆ ਜਾਂਦਾ ਹੈ । ਕਿਸੇ ਨੂੰ ਮੌਤ ਦਾ ਹੁੰਦਾ ਹੈ । ਕਿਸੇ ਨੂੰ ਉਚੀ ਥਾਂ ਤੋਂ, ਕਿਸੇ ਨੂੰ ਪਾਣੀ ਤੋਂ ਕਿਸੇ ਨੂੰ ਭੂਤ ਪ੍ਰੇਤ ਤੋਂ। ਮਾਨਸਿਕ ਰੋਗੀ ਦਾ ਕਿਸੇ ਵਸਤੂ ਸਬੰਧੀ ਦ੍ਰਿਸ਼ਟੀਕੋਣ ਕੀ ਹੈ । ਉਸ 'ਤੇ ਨਿਰਭਰ ਕਰਦਾ ਹੈ ਫੋਬੀਆ (ਭੈਅ , ਦਹਿਸ਼ਤ) । ਇਹ ਅਜਿਹਾ ਮਾਨਸਿਕ ਰੋਗ ਹੈ , ਜੋ ਬੇਲੋੜਾ ਹੀ ਵਧਦਾ ਜਾਂਦਾ ਹੈ । ਕਿਸੇ ਵਸਤੂ ਪ੍ਰਤੀ ਮਾਨਸਿਕ ਰੋਗੀ ਦੀ ਅਪਣਾਈ ਤਰਕਹੀਣ ਪਹੁੰਚ ਕਾਰਨ ਰੋਗੀ ਤਬਾਹੀ ਵਾਸੇ ਪਾਸੇ ਵੱਲ ਵਧਦਾ ਹੈ । ਫੋਬੀਏ ? ਕਾਰਨਬਥ ਮਾਨਸਿਕ ਰੋਗੀ ਵਿੱਚ ਬੇ ਮਤਲਬੇ ਖ਼ਿਆਲ ਆਉਂਦੇ ਰਹਿੰਦੇ ਹਨ । ਕਈ ਸਾਲ ਪਹਿਲਾਂ ਲਹਿਰਾਗਾਗਾ ਤਰਕਸ਼ੀਲ ਸੁਸਾਇਟੀ ਕੋਲ ਇੱਕ ਔਰਤ ਦਾ ਫੋਬੀਆ (ਡਰ ਲੱਗਣਾ) ਨਾਲ ਸਬੰਧਿਤ ਕੇਸ ਆਇਆ । ਔਰਤ ਦਾ ਡਰ ਨਾਲ ਬਹੁਤ ਬੁਰਾ ਹਾਲ ਸੀ । ਉਸ ਦੇ ਚਿਹਰੇ ਦਾ ਰੰਗ ਉੱਡਿਆ ਪਿਆ ਸੀ । ਔਰਤ ਬਹੁਤ ਘਬਰਾਈ ਹੋਈ ਸੀ । ਉਸ ਦੇ ਦਿਲ ਦੀ ਧੜਕਣ ਵਧਣ ਕਾਰਨ ਸਾਹ ਦੀ ਗਤੀ ਤੇਜ਼ ਸੀ । ਔਰਤ ਦੀ ਉਮਰ ਤਕਰੀਬਨ 40 ਸਾਲ ਦੇ ਕਰੀਬ ਸੀ । ਉਸ ਅੰਦਰ ਕਲਪਨਿਕ ਵਸਤੂਆਂ ਦਾ ਡਰ ਬੈਠਿਆ ਹੋਇਆ ਸੀ । ਜੋ ਬਹੁਤ ਜ਼ਿਆਦਾ ਵਧਿਆ ਹੋਇਆ ਸੀ ।

ਉਹ ਔਰਤ ਘਬਰਾਈ ਰਹਿੰਦੀ ਸੀ ਤੇ ਉਸਦਾ ਚਿਹਰਾ ਡਰਾਉਣਾ ਬਣਿਆ ਹੋਇਆ ਸੀ । ਪਰਿਵਾਰਕ ਮੈਂਬਰਾਂ ਨੂੰ ਸ਼ੱਕ ਹੋ ਗਿਆ ਸੀ ਕਿ ਇਸਨੂੰ ਓਪਰੀ ਸ਼ੈਅ ਚਿੰਬੜ ਗਈ ਹੈ । ਡਰ ਉਸ ਅੰਦਰ ਏਨਾ ਜ਼ਿਆਦਾ ਘਰ ਕਰ ਗਿਆ ਕਿ ਉਸਨੂੰ ਦੌਰਾ ਪੈਣ ਲੱਗ ਗਿਆ । ਫਿਰ ਦੌਰਿਆਂ ਦੀ ਰਫ਼ਤਾਰ ਏਨੀ ਵਧ ਗਈ ਕਿ ਪਤਾ ਨਹੀਂ ਦਿਨ ਵਿੱਚ ਕਿੰਨੇ ਕੁ ਦੌਰੇ ਪੈਂਦੇ ਸਨ । ਅਨਪੜ੍ਹਤਾ ਤੇ ਤਰਕਹੀਣ ਸੋਚ ਕਾਰਨ ਉਹ ਅਖੌਤੀ ਸਿਆਣਿਆਂ ਦੇ ਜਾਲ ਚ ਫਸ ਗਏਏ ਸਨ । ਸਿਆਣਿਆਂ ਨੇ ਉਸਦੇ ਮਾਨਸਿਕ ਰੋਗ ਦਾ ਫਾਇਦਾ ਉਠਾ ਕੇ ਆਰਥਿਕ ਲੁੱਟ - ਕੀਤੀ । ਜਿੱਥੇ ਵੀ ਉਸ ਔਰਤ ਦੇ ਪਰਿਵਾਰ ਨੂੰ ਕਿਸੇ 'ਸਿਆਣੇ' ਦੀ ਦੱਸ ਪੈਂਦੀ , ਉਹ ਉਸ ਨੂੰ ਉੱਥੇ ਲੈ ਕੇ ਜਾਂਦੇ । ਉਸ ਦੇ ਘਰ ਵਾਲੇ ਹਰਿਆਣੇ ਦੇ ਜ਼ਿਲ੍ਹਾ ਜੀਂਦ 'ਚ ਪੈਂਦੇ ਪਿੰਡ ਦੇ ਸਿਆਣਿਆਂ ਕੋਲ ਵੀ ਜਾ ਆਏ ਪ੍ਰੰਤੂ ਉਸ ਅੰਦਰ ਡਰ ਨਹੀਂ ਨਿਕਲਿਆ , ਸਗੋਂ ਹੋਰ ਵੀ ਵਧ ਗਿਆ ।

ਇੱਕ ਸਿਆਣੇ ਨੇ ਕਿਹਾ , ਇਸ ਮਗਰ ' ਕਚੀਲਾਂ ' ਲੱਗੀਆਂ ਹੋਈਆਂ ਨੇ। ਉਨ੍ਹਾਂ ਨੂੰ ਉਤਾਰਨ ਲਈ ਟੂਣਾ ਕਰਨਾ ਪਵੇਗਾ । ਉਸਦੇ ਘਰ ਵਾਲੇ ਮੰਨ ਗਏ । ਸਿਆਣੇ ਨੇ ਇੱਕ ਮੁਰਗਾ , ਇੱਕ ਅੰਗਰੇਜ਼ੀ ਸ਼ਰਾਬ ਦੀ ਬੋਤਲ , ਕੁੱਝ ਨਕਦੀ ਚੁਰਸਤੇ 'ਚ ਰੱਖਣ ਲਈ ਕਿਹਾ । ਇੱਕ ਸਿਆਣੇ ਨੇ ਉਸਨੂੰ ਕਿਹਾ ਕਿ ਤੁਹਾਡੇ ਘਰ ਨੂੰ ਕੀਲ ਦਿੰਦੇ ਹਾਂ । 1000 ਰੁਪਏ ਲੱਗਣਗੇ । ਉਨ੍ਹਾਂ ਨੇ ਮਨ ਨਾਲ ਸਮਝੌਤਾ ਕੀਤਾ ਕਿ ਇਹ ਵੀ ਕਰਕੇ ਦੇਖ ਲੈਂਦੇ ਹਾਂ । ਸਿਆਣਾ ਸਾਰੀ ਰਾਤ ਉਨ੍ਹਾਂ ਦੇ ਘਰ ਨੂੰ ਕੀਲਣ ਦੇ ਢਕਵੰਜ ਕਰਦਾ ਰਿਹਾ ਤੇ ਦਿਨ ਚੜ੍ਹਦੇ ਦੀ ਲਾਲੀ ਨਾਲ ਇੱਕ ਹਜ਼ਾਰ ਰੁਪਏ ਬਟੋਰ ਕੇ ਤੁਰਦਾ ਬਣਿਆ ।

ਪ੍ਰੰਤੂ ਕੀਲਿਆ ਘਰ ਵੀ ਰਾਸ ਨਾ ਆਇਆ । ਉਸ ਔਰਤ ਨੂੰ ਅਨੇਕਾਂ ਜਨਾਨੀਆਂ ਭੂਤਾਂ - ਚੁੜੈਲਾਂ ਬਣ - ਬਣ ਕੇ ਦਿਸਣ ਲੱਗੀਆਂ । ਪਾਖੰਡੀਆਂ ਦੇ ਜਾਲ'ਚ ਫਸ ਕੇ ਅਨੇਕਾਂ ਟੂਣੇ - ਟਾਮਣ ਕੀਤੇ ਪ੍ਰੰਤੂ ਉਨ੍ਹਾਂ ਦੇ ਪੱਲੇ ਨਿਰਾਸਤਾ ਹੀ ਪਈ। ਉਸ ਔਰਤ ਦੀ ਸਰੀਰਕ ਤੇ ਮਾਨਸਿਕ ਹਾਲਤ ਦਿਨ - ਬ - ਦਿਨ ਨਿਘਰਦੀ ਗਈ । ਇੱਕ ਦਿਨ ਉਸ ਔਰਤ ਨੂੰ ਕਿਸੇ ਸਿਆਣੇ ਕੋਲ ਲਿਜਾਇਆ ਜਾ ਰਿਹਾ ਸੀ । ਰਸਤੇ ਵਿੱਚ ਉਹ ਇੱਕ ਔਰਤ ਨਾਲ ਆਪਣੇ ਦੁੱਖ ਦੀ ਗੱਲ ਕਰ ਰਹੀ ਸੀ । ਉੱਥੇ ਹੀ ਸਾਡਾ ਤਰਕਸ਼ੀਲ ਸਾਥੀ ਖੜ੍ਹਾ ਸੀ , ਜੋ ਸਾਰਾ ਕੁੱਝ ਸੁਣ ਰਿਹਾ ਸੀ । ਉਸ ਸੁਝਾਅ ਦਿੱਤਾ ਕਿ 'ਸਿਆਣਿਆਂ' ਕੋਲ ਕੁੱਝ ਨਹੀਂ ਹੁੰਦਾ । ਉਹ ਤਾਂ ਤੁਹਾਡੀ ਆਰਥਿਕ ਲੁੱਟ ਕਰਦੇ ਨੇ ਤੇ ਝੂਠੀ ਤਸੱਲੀ ਦਿਵਾ ਕੇ ਘਰ ਤੋਰ ਦਿੰਦੇ ਨੇ । ਕਿਸੇ ਐਤਵਾਰ ਵਾਲੇ ਦਿਨ ਲਹਿਰਾਗਾਗਾ ਵਿਖੇ ਆ ਜਾਣਾ । ਉਸ ਦੱਸਿਆ ਕਿ ਸਾਡੀ ਇੱਕ ਪੰਜਾਬ ਪੱਧਰ ਦੀ ਤਰਕਸ਼ੀਲ ਸੁਸਾਇਟੀ ਬਣਾਈ ਹੋਈ ਹੈ , ਜੋ ਮਾਨਸਿਕ ਰੋਗੀਆਂ ਨੂੰ ਵਿਗਿਆਨਕ ਢੰਗ ਨਾਲ ਠੀਕ ਕਰਦੀ ਹੈ ਤੇ ਗੈਰ ਵਿਗਿਆਨਕ ਗੱਲਾਂ ਨੂੰ ਨੰਗਾ ਕਰਦੀ ਹੈ । ਅਸੀਂ ਕੋਈ ਪੈਸਾ ਨਹੀਂ ਲੈਂਦੇ ।

ਮਿੱਥੇ ਸਮੇਂ 'ਤੇ ਉਹ ਲਹਿਰਾਗਾਗਾ ਵਿਖੇ ਸਾਡੇ ਕੋਲ ਪਹੁੰਚ ਗਏ । ਉਸ ਸਮੇਂ ਉਸ ਔਰਤ ਨੂੰ ਬਹੁਤ ਦੌਰੇ ਪੈਂਦੇ ਸਨ । ਆ ਕੇ ਵੀ ਦੌਰਾ ਪੈ ਗਿਆ । ਉਸ ਔਰਤ ਨੂੰ ਕੁਰਸੀ 'ਤੇ ਆਰਾਮ ਨਾਲ ਬੈਠਣ ਲਈ ਕਿਹਾ ਤੇ ਪੁੱਛਿਆ ਕਿ ਤੈਨੂੰ ਭੂਤਾਂ ਕਦੋਂ ਤੋਂ ਦਿਸਣ ਲੱਗੀਆਂ ਨੇ।

ਉਸਨੇ ਦੱਸਿਆ ਕਿ ਲਗਭਗ ਸਾਲ ਹੋ ਗਿਆ । ਪਹਿਲਾਂ ਮੈਨੂੰ ਡਰ ਸੀ ਕਿ ਮੈਨੂੰ ਭੂਤ ਚਿੰਬੜੀ ਹੋਈ ਹੈ । ਮੇਰਾ ਇਹ ਡਰ ਵਧਦਾ ਗਿਆ ਤੇ ਇਸ ਤੋਂ ਬਾਅਦ ਮੈਨੂੰ ਦੌਰੇ ਪੈਣ ਲੱਗ ਪਏ । ਮੈਂਨੂੰ ਘਰ ਵਾਲੇ

ਬਹੁਤ ਸਿਆਣਿਆਂ ਕੋਲ ਲੈ ਕੇ ਗਏ । ਆਪਣਾ ਸਾਰਾ ਘਰ ਬਰਬਾਦ ਕਰ ਲਿਆ ਪ੍ਰੰਤੂ ਕੋਈ ਵੀ ਗੱਲ ਰਾਸ ਨਾ ਆਈ । ਉਸਨੇ ਦੱਸਿਆ ਕਿ ਅਸੀਂ ਸਾਲ ਕੁ ਪਹਿਲਾਂ ਕਿਸੇ ਤੋਂ ਥਾਂ ਮੁੱਲ ਲੈ ਲਿਆ ਤੇ ਗੁਆਂਢਣ ਨੇ ਮੈਨੂੰ ਕਿਹਾ ਕਿ ਉੱਥੇ ਤਾਂ ਕਚੀਲ ਰਹਿੰਦੀ ਹੈ । ਜਿਨ੍ਹਾਂ ਨੇ ਪਹਿਲਾਂ ਥਾਂ ਲਿਆ ਸੀ , ਉਨ੍ਹਾਂ ਦੀ ਕੁੜੀ ਨੂੰ ਵੀ ਉਹ ਚਿੰਬੜ ਗਈ ਸੀ ਤੇ ਕਿਤੇ ਤੈਨੂੰ ਵੀ ਨਾ ਚਿੰਬੜ ਜਾਵੇ । ਮੈਂ ਦੋ - ਤਿੰਨ ਦਿਨ ਉੱਥੇ ਪਾਥੀਆਂ ਪੱਥਣ ਜਾਂਦੀ ਰਹੀ । ਇੱਕ ਦਿਨ ਮੈਂ ਸਿਖਰ ਦੁਪਹਿਰੇ ਗੋਹਾ ਲੈਣ ਚਲੀ ਗਈ ਤੇ ਉੱਥੇ ਬੇ ਸੁਰਤ ਹੋ ਕੇ ਡਿੱਗ ਪਈ । ਮੈਨੂੰ ਡਰ ਲੱਗਿਆ ਕਿ ਕਚੀਲ ਚਿੰਬੜ ਗਈ ।

ਜਦੋਂ ਅਸੀਂ ਕੇਸ ਦੀ ਵਿਗਿਆਨਕ ਤੇ ਮਨੋਵਿਗਿਆਨਕ ਢੰਗ ਨਾਲ ਪੜਚੋਲ ਕੀਤੀ ਗਈ ਤਾਂ ਅਸਲੀਅਤ ਸਾਹਮਣੇ ਆਈ ਕਿ ਉਸ ਸਮੇਂ ਤੋਂ ਹੀ ਉਸ ਔਰਤ ਅੰਦਰ ' ਕਚੀਲ' ਦਾ ਡਰ ਬੈਠ ਗਿਆ ਸੀ । ਉਸਦੀ ਕਲਪਨਾ ਕਰਕੇ ਉਹ ਡਰਦੀ ਰਹਿੰਦੀ ਸੀ । ਉਸਨੂੰ ਹਰ ਸਮੇਂ ਆਪਣੇ ਨਾਲ ' ਕਚੀਲ' ਹੋਣ ਦਾ ਭਰਮ ਹੋ ਗਿਆ ਸੀ । ਉਸ ਔਰਤ ਅੰਦਰ ਅੰਤਾਂ ਦਾ ਡਰ ਪੈਦਾ ਹੋ ਗਿਆ ਤੇ ਕਚੀਲਾਂ ਦਿਸਣ ਲੱਗੀਆਂ ।



ਮਾਸਟਰ ਪਰਮ ਵੇਦ
ਜ਼ੋਨ ਜਥੇਬੰਦਕ ਮੁਖੀ
ਤਰਕਸ਼ੀਲ ਸੁਸਾਇਟੀ ਪੰਜਾਬ
9417422349
ਅਫਸਰ ਕਲੋਨੀ ਸੰਗਰੂਰ

ਅਸਲ 'ਚ ਔਰਤ ਫੋਬੀਆ ਦੀ ਸ਼ਿਕਾਰ ਸੀ । ਸਾਰੀ ਗੱਲਬਾਤ ਪੁੱਛਣ ਤੋਂ ਬਾਅਦ ਉਸ ਔਰਤ ਅੰਦਰ ਕਚੀਲਾਂ ਦੇ ਡਰ ਨੂੰ ਗੱਲਬਾਤ ਵਿਧੀ ਰਾਹੀਂ ਦੂਰ ਕੀਤਾ ਗਿਆ। ਉਸ ਨੂੰ ਬਹੁਤ ਸਾਰੇ ਸਾਰਥਿਕ ਸੁਝਾਅ ਦਿੱਤੇ ਗਏ ਕਿ ਕੋਈ ਭੂਤ - ਪ੍ਰੇਤ ਨਹੀਂ , ਇਹ ਤਾਂ ਸਿਰਫ਼ ਮਨ ਦਾ ਹੀ ਡਰ ਹੈ । ਉਸਨੂੰ ਸਮਝਾਇਆ ਗਿਆ ਕਿ ਸਾਡਾ ਮਨ ਹਰ ਕਹੀ

ਸੁਣੀ ਗਲ ਦਾ ਅਸਰ ਕਬੂਲਦਾ ਹੈ।ਇਸ ਦੁਨੀਆਂ ਵਿੱਚ ਭੂਤ ਪ੍ਰੇਤ ,ਕਚੀਲ ਨਾਂ ਦੀ ਕੋਈ ਚੀਜ ਨਹੀਂ।ਸਾਡੇ ਸੁਝਾਅ ਤੋਂ ਬਾਅਦਉਹ ਕਾਫੀ ਡਰ ਮੁਕਤ ਹੋ ਗਈ ਸੀ।

ਜਦ ਉਹ ਅਗਲੇ ਹਫ਼ਤੇ ਫਿਰ ਆਈ ਤਾਂ ਉਸ ਨੂੰ ਦੌਰੇ ਪੈਣੇ ਤਾਂ ਬਿਲਕੁੱਲ ਖ਼ਤਮ ਹੋ ਗਏ ਸਨ ਪ੍ਰੰਤੂ ਥੋੜਾ ਥੋੜਾ ਡਰ ਅਜੇ ਉਸਦੇ ਮਨ ਵਿੱਚ ਬੈਠਿਆ ਹੋਇਆ ਸੀ ।ਉਹ ਡਰ ਵੀ ਅਸੀਂ ਗਲਬਾਤ ਵਿਧੀ ਰਾਹੀਂ ਦੂਰ ਕਰਨ ਵਿੱਚ ਸਫਲ ਹੋਏ। ਇਕ ਮਹੀਨੇ ਮਗਰੋਂ ਰਿਪੋਰਟ ਮਿਲੀ ਕਿ ਹੁਣ ਉਹ ਬਿਲਕੁਲ ਠੀਕ ਹੈ।ਹੁਣ ਉਹ ਘਰ ਦੇ ਕੰਮਾਂ ਵਿੱਚ ਰੁੱਝੀ ਰਹਿੰਦੀ ਹੈ, ਖੁਸ਼ ਰਹਿੰਦੀ ਹੈ।ਇਸ ਤਰ੍ਹਾਂ ਅਸੀਂ ਔਰਤ ਨੂੰ ਕਚੀਲਾਂ ਦੇ ਡਰ ਤੋ ਮੁਕਤ ਕਰ ਦਿੱਤਾ।ਸਾਨੂੰ ਵੀ ਬੜੀ ਖੁਸ਼ੀ ਮਿਲੀ । ਅਸੀਂ ਚਾਹੁੰਦੇ ਹਾਂ ਕਿ ਲੋਕ ਵਿਗਿਆਨਕ ਵਿਚਾਰਾਂ ਦੇ ਧਾਰਨੀ ਬਣਨ।



ਅਸ਼ੋਕ ਸੋਨੀ
ਖੂਈ ਖੇੜਾ, ਫਾਜ਼ਿਲਕਾ
9872705078

ਅਸਾਧਾਰਨ ਮਹਾਨਾਇਕਾ- ਜੋਤੀ ਦੀਪਕ ਨੈਨਵਾਲ

ਇੱਕ ਵਾਸਤਵਿਕ, ਆਧੁਨਿਕ, ਭਾਰਤੀ ਦੇਸ਼ਭਗਤ, ਮਹਾਨਾਇਕਾ ਦੀ ਅਨੋਖੀ, ਦਿਲ ਨੂੰ ਛੂਹ ਲੈਣ ਵਾਲੀ, ਭਾਵੁਕ ਸੱਚੀ ਕਹਾਣੀ, ਪੜ੍ਹ ਕੇ ਤੁਸੀਂ ਵੀ ਕਹੋਗੇ, ਜੋਤੀ ਨੈਨਵਾਲ, ਮਾਣ ਹੈ ਭੈਣੇ ਤੇਰੇ ਤੇ





ਅੱਜ ਤੋਂ ਕਰੀਬ ਸਾਢੇ ਕੁ ਤਿੰਨ ਸਾਲ ਪਹਿਲਾਂ ਮਿਤੀ 10 ਅਪ੍ਰੈਲ 2018, ਸਥਾਨ ਸੀ, ਜੰਮੂ-ਕਸ਼ਮੀਰ ਦਾ ਜ਼ਿਲ੍ਹਾ ਕੁਲਗਾਮ, ਅੱਤਵਾਦੀਆਂ ਅਤੇ ਦੇਸ਼ ਦੇ ਬਹਾਦਰ ਜਵਾਨਾਂ ਵਿਚਾਲੇ ਹੋਏ ਭਿਆਨਕ ਮੁਕਾਬਲੇ ਨੇ ਦੇਵਭੂਮੀ ਦੇ ਪਿੰਡ ਸਿੱਧਪਰਮ ਦੇ ਮਹਾਨ ਦੇਸ਼ ਭਗਤ ਨੈਨਵਾਲ ਪਰਿਵਾਰ ਦੀ ਦਸ਼ਾ ਅਤੇ ਦਿਸ਼ਾ ਹੀ ਬਦਲ ਦਿੱਤੀ ।1971 ਦੀ ਜੰਗ ਵਿੱਚ ਹਿੱਸਾ ਲੈਣ ਵਾਲੇ ਸੇਵਾਮੁਕਤ ਸੈਨਿਕ ਸ਼੍ਰੀ ਚੱਕਰਧਰ ਨੈਨਵਾਲ ਦੇ ਪੁੱਤਰ ਅਤੇ ਸੁਤੰਤਰਤਾ ਸੈਨਾਨੀ ਸ਼੍ਰੀ ਸੁਰੇਸ਼ਾਨੰਦ ਨੈਨਵਾਲ ਦੇ ਪੋਤਰੇ, ਮਹਾਨ ਦੇਸ਼ਭਗਤ ਜਵਾਨ ਨਾਇਕ ਦੀਪਕ ਨੈਨਵਾਲ ਨੇਂ 17 ਘੰਟੇ ਲਗਾਤਾਰ ਅੱਤਵਾਦੀਆਂ ਨਾਲ ਬਹਾਦਰੀ ਨਾਲ ਲੜਦੇ ਹੋਏ, ਛਾਤੀ ਤੇ ਦੋ ਗੋਲੀਆਂ ਖਾਧੀਆਂ ਪਰ ਇਸ ਤੋਂ ਬਾਅਦ ਵੀ ਮੈਦਾਨ-ਏ-ਜੰਗ ਵਿੱਚ ਕਾਇਮ ਰਿਹਾ, ਬਾਅਦ 'ਚ ਹਸਪਤਾਲ ਲਿਜਾਇਆ ਗਿਆ। ਸੈਨਾ ਦੇ ਵੱਡੇ-ਵੱਡੇ ਡਾਕਟਰਾਂ ਦੀ ਜੀ ਤੋੜ ਕੋਸ਼ਿਸ਼ਾਂ, ਮਾਤਾ ਪਾਰਵਤੀ ਦੇਵੀ, ਪਤਨੀ ਜੋਤੀ ਨੈਨਵਾਲ, 6 ਸਾਲ ਦੀ ਬੇਟੀ ਲਾਵਣਿਆ ਅਤੇ 4 ਸਾਲ ਦੇ ਮਾਸੂਮ ਬੇਟੇ ਰੇਯਾਂਸ਼ ਦੀਆਂ ਦੁਆਵਾਂ ਦਾ ਵੀ ਕੋਈ ਅਸਰ ਨਹੀਂ ਹੋਇਆ, ਦੀਪਕ ਨੈਨਵਾਲ 40

‘ਵੋਟ ਚੋਰ, ਗੱਦੀ ਛੋੜ’ ਨਾਅਰੇ ਵਾਲੀਆਂ ਵੀਡੀਓਜ਼ ਹਟਾਉਣ ਦੀ ਮੰਗ ਵਾਲੀ ਪਟੀਸ਼ਨ ਸੁਪਰੀਮ ਕੋਰਟ ਵੱਲੋਂ ਖਾਰਜ

ਨਵੀਂ ਦਿੱਲੀ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਹੈਦਰਾਬਾਦ ਵਿੱਚ 13-14 ਨਵੰਬਰ ਨੂੰ ਹੋਏ ‘ਭਾਰਤ ਸੰਮੇਲਨ’ ਦੌਰਾਨ ਇਤਾਲਵੀ ਸਿਆਸਤਦਾਨ ਗੀਆਕੋਮੋ ਫਿਲਿਬੇਕ ਵੱਲੋਂ ਕਥਿਤ ਤੌਰ ’ਤੇ ਵੋਟ ਚੋਰ, ਗੱਦੀ ਛੋੜ ਦਾ ਨਾਅਰਾ ਲਗਾਉਣ ਦੀਆਂ ਵੀਡੀਓਜ਼ ਸੋਸ਼ਲ ਮੀਡੀਆ ਤੋਂ ਹਟਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ ਹੈ।

ਜਸਟਿਸ ਵਿਕਰਮ ਨਾਥ ਅਤੇ ਜਸਟਿਸ ਅਪਰੇਸ਼ ਕੁਮਾਰ ਸਿੰਘ ਦੀ ਬੈਂਚ ਨੇ ਕੁਝ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਇਹ ਵੀਡੀਓਜ਼ ਹਟਾਉਣ ਦਾ ਨਿਰਦੇਸ਼ ਦੇਣ ਦੀ ਮੰਗ ਵਾਲੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਇਹ ਹੁਕਮ ਪਾਸ ਕੀਤਾ।



ਬੈਂਚ ਵੱਲੋਂ ਪਟੀਸ਼ਨ ਖਾਰਜ ਕੀਤੇ ਜਾਣ ਦੀ ਗੱਲ ਕਹੇ ਜਾਣ ਤੋਂ ਬਾਅਦ ਪਟੀਸ਼ਨਕਰਤਾ ਦੇ ਵਕੀਲ ਨੇ ਬੇਨਤੀ ਕੀਤੀ ਕਿ ਅਧਿਕਾਰੀਆਂ ਨੂੰ ਇਸ ਨੂੰ ਇੱਕ ਮੰਗ-ਪੱਤਰ ਵਜੋਂ ਵਿਚਾਰਨ ਲਈ ਕਿਹਾ ਜਾਵੇ। ਬੈਂਚ ਨੇ ਕਿਹਾ, ਨਹੀਂ। ਤੁਸੀਂ ਮੰਗ-ਪੱਤਰ ਦੇਣ ਲਈ ਆਜ਼ਾਦ ਹੋ। ਤੁਹਾਨੂੰ ਕੌਣ ਰੋਕ ਰਿਹਾ ਹੈ!

ਪਾਰਟੀ ਆਫ਼ ਯੂਰਪੀਅਨ ਸੋਸ਼ਲਿਸਟਸ (PES) ਦੇ ਸਕੱਤਰ-ਜਨਰਲ ਫਿਲਿਬੇਕ ਨੇ ਕਥਿਤ ਨਾਅਰੇ ਅਤੇ ਸਾਫ਼-ਸੁਥਰੀਆਂ ਤੇ ਪਾਰਦਰਸ਼ੀ ਵੋਟਰ ਸੂਚੀਆਂ (electoral rolls) ਲਈ ਆਪਣੀ ਮੁਹਿੰਮ ਵਾਸਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਪ੍ਰਸ਼ੰਸਾ ਕਰਕੇ ਇੱਕ ਸਿਆਸੀ ਵਿਵਾਦ ਛੇੜ ਦਿੱਤਾ ਸੀ। ਫਿਲਿਬੇਕ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਰਾਮਲੀਲਾ ਮੈਦਾਨ ਵੱਲ ਵਿਰੋਧੀ ਧਿਰ ਦੇ ਮਾਰਚ ਦਾ ਜ਼ਿਕਰ ਵੀ ਕੀਤਾ ਅਤੇ ਕਿਹਾ ਕਿ ਲੋਕਤੰਤਰ ਦਾ ਬਚਾਅ ਉਨ੍ਹਾਂ ਨਾਗਰਿਕਾਂ ਵੱਲੋਂ ਕੀਤਾ ਜਾਣਾ ਚਾਹੀਦਾ ਹੈ ਜੋ ਇਸ ਲਈ ਖੜ੍ਹੇ ਹੋਣ ਲਈ ਤਿਆਰ ਹਨ।

ਫਿਲਿਬੇਕ ਨੇ ਸੰਮੇਲਨ ਵਿੱਚ ਕਿਹਾ, ਰਾਹੁਲ ਗਾਂਧੀ ਨੇ ਇੱਕ ਸਰਲ ਸਿਧਾਂਤ ਦਾ ਬਚਾਅ ਕੀਤਾ ਹੈ ਜਿਸ ’ਤੇ ਹਰ ਲੋਕਤੰਤਰ ਟਿਕਿਆ ਹੋਇਆ ਹੈ: ‘ਇੱਕ ਵਿਅਕਤੀ, ਇੱਕ ਵੋਟ’।

ਉਨ੍ਹਾਂ ਕਿਹਾ, ਸਾਫ਼-ਸੁਥਰੀਆਂ ਅਤੇ ਪਾਰਦਰਸ਼ੀ ਵੋਟਰ ਸੂਚੀਆਂ ਲਈ ਉਨ੍ਹਾਂ ਦੀ ਮੁਹਿੰਮ ਅਤੇ ਸਿਰਫ਼ ਦੋ ਹਫ਼ਤੇ ਪਹਿਲਾਂ ਉਨ੍ਹਾਂ ਦੇ ਨਾਲ ਰਾਮਲੀਲਾ ਮੈਦਾਨ ਵੱਲ ਮਾਰਚ ਕਰਨ ਵਾਲੇ ਹਜ਼ਾਰਾਂ ਲੋਕ ਸਾਨੂੰ ਯਾਦ ਦਿਵਾਉਂਦੇ ਹਨ ਕਿ ਲੋਕਤੰਤਰ ਮਿਲਦਾ ਨਹੀਂ ਹੈ; ਇਸ ਦਾ ਬਚਾਅ ਉਨ੍ਹਾਂ ਲੋਕਾਂ ਵੱਲੋਂ ਕੀਤਾ ਜਾਂਦਾ ਹੈ ਜੋ ਇਸ ਲਈ ਖੜ੍ਹੇ ਹੋਣ ਲਈ ਤਿਆਰ ਹਨ। ‘ਵੋਟ ਚੋਰ ਗੱਦੀ ਛੋੜ’। ਕਾਂਗਰਸ ਪਾਰਟੀ ਨੇ ਆਧੁਨਿਕ ਭਾਰਤ ਦੀ ਲੋਕਤੰਤਰੀ ਨੀਂਹ ਰੱਖੀ ਹੈ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਗਾਂਧੀ ਨੇ ਕਈ ਰਾਜਾਂ ਵਿੱਚ ਚੋਣ ਧਾਂਦਲੀਆਂ ਅਤੇ ਹੋਰ ਬੇਨਿਯਮੀਆਂ ਦੇ ਸਬੂਤ ਪੇਸ਼ ਕਰਦਿਆਂ ਪ੍ਰੈੱਸ ਕਾਨਫਰੰਸਾਂ ਕੀਤੀਆਂ ਹਨ।

ਸੰਮੇਲਨ ਵਿਵਾਦ ਦੇ ਕੇਂਦਰ ਵਿੱਚ ਮੌਜੂਦ ਇਹ ਨਾਅਰਾ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ’ਤੇ ਵਿਰੋਧੀ ਧਿਰ ਦੇ ਹਮਲੇ ਵਿੱਚੋਂ ਉਭਰਿਆ ਹੈ।

ਨਿਵੇਸ਼ ਦੇ ਨਾਮ ’ਤੇ ਕਰੋੜਾਂ ਦੀ ਠੱਗੀ ਮਾਮਲੇ ’ਚ ਪਠਾਨਕੋਟ ਸਣੇ 8 ਟਿਕਾਣਿਆਂ ’ਤੇ ਈਡੀ ਦੇ ਛਾਪੇ

ਜੰਮੂ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸ਼ੁੱਕਰਵਾਰ ਨੂੰ ਸ਼ਸਤਰ ਸੀਮਾ ਬਲ ਦੇ ਇੱਕ ਸਾਬਕਾ ਅਧਿਕਾਰੀ ਵਿਰੁੱਧ ਮਨੀ ਲਾਂਡਰਿੰਗ (ਕਾਲੇ ਧਨ ਨੂੰ ਸਫ਼ੈਦ ਕਰਨ) ਦੀ ਜਾਂਚ ਦੇ ਹਿੱਸੇ ਵਜੋਂ ਜੰਮੂ-ਕਸ਼ਮੀਰ ਅਤੇ ਪੰਜਾਬ ਵਿੱਚ ਕਈ ਥਾਵਾਂ ’ਤੇ ਛਾਪੇ ਮਾਰੇ ਹਨ।

ਇਸ ਸਾਬਕਾ ਅਧਿਕਾਰੀ ਨੇ ਅਰਧ ਸੈਨਿਕ ਬਲ ਦੇ ਜਵਾਨਾਂ ਸਮੇਤ ਕਈ ਨਿਵੇਸ਼ਕਾਂ ਨਾਲ ਕਥਿਤ ਤੌਰ ’ਤੇ ਠੱਗੀ ਮਾਰੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਮਨੀ ਲਾਂਡਰਿੰਗ ਰੋਕੂ ਐਕਟ (PMLA) ਤਹਿਤ ਕੀਤੀ ਗਈ ਇਸ ਕਾਰਵਾਈ ਦੇ ਹਿੱਸੇ ਵਜੋਂ ਜੰਮੂ, ਕਠੂਆ, ਊਧਮਪੁਰ ਅਤੇ ਪਠਾਨਕੋਟ ਵਿੱਚ ਕੁੱਲ ਅੱਠ ਟਿਕਾਣਿਆਂ ’ਤੇ ਛਾਪੇ ਮਾਰੇ ਗਏ।

ਉਨ੍ਹਾਂ ਦੱਸਿਆ ਕਿ ਇਹ ਜਾਂਚ ਸ਼ਸਤਰ ਸੀਮਾ ਬਲ (SSB) ਦੇ ਸਾਬਕਾ ਮੁਲਾਜ਼ਮ ਗੁਰਮੀਤ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ ਚਲਾਈ ਗਈ ਇੱਕ ਫ਼ਰਜ਼ੀ ‘ਮਨੀ ਮਲਟੀਪਲਾਇਰ’/ਨਿਵੇਸ਼ ਸਕੀਮ ਨਾਲ ਸਬੰਧਤ ਹੈ। ਈ.ਡੀ. ਦਾ ਇਹ ਮਾਮਲਾ ਜੰਮੂ-ਕਸ਼ਮੀਰ, ਉੱਤਰਾਖੰਡ, ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ ਅਤੇ ਬਿਹਾਰ ਦੇ ਵੱਖ-ਵੱਖ ਪੁਲੀਸ ਅਧਿਕਾਰੀਆਂ ਵੱਲੋਂ ਦਰਜ ਕੀਤੀਆਂ ਗਈਆਂ ਕਈ ਐੱਫ.ਆਈ.ਆਰਜ਼ ’ਤੇ ਅਧਾਰਿਤ ਹੈ।

ਇਹ ਮਾਮਲੇ ਆਮ ਲੋਕਾਂ ਸਮੇਤ ਸੇਵਾ ਨਿਭਾਅ ਰਹੇ ਅਤੇ ਸੇਵਾਮੁਕਤ ਐੱਸ.ਐੱਸ.ਬੀ. ਮੁਲਾਜ਼ਮਾਂ ਨਾਲ ਧੋਖਾਧੜੀ ਕਰਨ ਸਬੰਧੀ ਦਰਜ ਕੀਤੇ ਗਏ ਸਨ, ਜਿਨ੍ਹਾਂ ਨੂੰ ਮੋਟਾ ਅਤੇ ਯਕੀਨੀ ਮਹੀਨਾਵਾਰ ਮੁਨਾਫ਼ਾ ਦੇਣ ਦੇ ਝੂਠੇ ਵਾਅਦੇ ਕਰਕੇ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ।

ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ; ਦੇਸ਼ ਵਿੱਚ ਸਭ ਤੋਂ ਵੱਧ 431 ਰੁਪਏ ਪ੍ਰਤੀ ਕੁਇੰਟਲ ਗੰਨੇ ਦਾ ਮੁੱਲ ਇਸ ਗੱਲ ਦਾ ਪ੍ਰਮਾਣ: ਗੁਰਮੀਤ ਸਿੰਘ ਖੁੱਡੀਆਂ

ਚੰਡੀਗੜ੍ਹ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਿਸਾਨਾਂ ਅਤੇ ਗੰਨਾ ਉਤਪਾਦਕਾਂ ਤੱਕ ਪਹੁੰਚ ਕਰਦਿਆਂ, ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਨੇ ਯੂਨੀਅਨ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਸਮਾਂਬੱਧ ਹੱਲ ਕੱਢਿਆ ਜਾਵੇਗਾ।



ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਗੰਨੇ ਦਾ ‘ਸਟੇਟ ਐਗਰੀਡ ਪ੍ਰਾਈਸ’ (ਐਸਏਪੀ) 416 ਰੁਪਏ ਤੋਂ ਵਧਾ ਕੇ 431 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ, ਭਾਵ ਇਸ ਵਿੱਚ 15 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ।

ਅੱਜ ਇੱਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਹੋਈ ਮੀਟਿੰਗ ਦੌਰਾਨ, ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਨੁਮਾਇੰਦਿਆਂ ਵੱਲੋਂ ਰੱਖੀਆਂ ਗਈਆਂ ਮੰਗਾਂ ਅਤੇ ਮੁੱਦਿਆਂ ਨੂੰ ਹਮਦਰਦੀ ਨਾਲ ਸੁਣਦਿਆਂ ਸ. ਖੁੱਡੀਆਂ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਹਰੇਕ ਜਾਇਜ਼ ਮੰਗ ’ਤੇ ਪੂਰੀ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ ਅਤੇ ਨਿਯਮਾਂ ਅਨੁਸਾਰ ਪਹਿਲ ਦੇ ਆਧਾਰ ’ਤੇ ਕਾਰਵਾਈ ਕੀਤੀ ਜਾਵੇਗੀ।

ਖੇਤੀਬਾੜੀ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੀਟਿੰਗ ਵਿੱਚ ਵਿਚਾਰੇ ਗਏ ਮੁੱਦਿਆਂ ਦੇ ਹੱਲ ਲਈ ਤੁਰੰਤ ਲੋੜੀਂਦੇ ਕਦਮ ਚੁੱਕੇ ਜਾਣ ਅਤੇ ਇਨ੍ਹਾਂ ਦਾ ਨਿਬੇੜਾ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ, ਕਿਸਾਨ ਜਥੇਬੰਦੀਆਂ ਨਾਲ ਨਿਰੰਤਰ ਗੱਲਬਾਤ ਅਤੇ ਨੇੜਲੇ ਸਹਿਯੋਗ ਰਾਹੀਂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਪੂਰਾ ਵਿਸ਼ਵਾਸ ਰੱਖਦੀ ਹੈ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਕਿਸਾਨ ਦੇਸ਼ ਦੀ ਆਰਥਿਕਤਾ ਅਤੇ ਖੁਰਾਕ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਹਨ। ਪੰਜਾਬ ਦੇ ਕਿਸਾਨਾਂ ਦੀ ਸਖ਼ਤ ਮਿਹਨਤ ਅਤੇ ਅਣਥੱਕ ਯਤਨਾਂ ਸਦਕਾ ਦੇਸ਼ ਦੀਆਂ ਅਨਾਜ ਲੋੜਾਂ ਪੂਰੀਆਂ ਕਰਨ ਵਿੱਚ ਸੂਬਾ ਅਹਿਮ ਯੋਗਦਾਨ ਪਾ ਰਿਹਾ ਹੈ।

ਰਾਜ ਸਭਾ ਮੈਂਬਰ ਰਜਿੰਦਰ ਗੁਪਤਾ ਨੇ ਨੌਜਵਾਨਾਂ ਨਾਲ ਸੰਵਿਧਾਨਕ ਮੁੱਲਾਂ ਅਤੇ ਲੋਕਤੰਤਰੀ ਜ਼ਿੰਮੇਵਾਰੀਆਂ ਪ੍ਰਤੀ ਵਚਨਬੱਧਤਾ ਦੁਹਰਾਈ

ਬਰਨਾਲਾ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੰਵਿਧਾਨ ਗੌਰਵ ਦਿਵਸ ਮੌਕੇ ਨੌਜਵਾਨ ਪੀੜ੍ਹੀ ਨੂੰ ਸੰਵਿਧਾਨਕ ਮੁੱਲਾਂ, ਲੋਕਤੰਤਰੀ ਜ਼ਿੰਮੇਵਾਰੀਆਂ ਅਤੇ ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦੀ ਭੂਮਿਕਾ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਲੁਧਿਆਣਾ ਵਿਖੇ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਰਾਜ ਸਭਾ ਮੈਂਬਰ ਅਤੇ ਪਦਮ ਸ੍ਰੀ ਰਾਜਿੰਦਰ ਗੁਪਤਾ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਤਕਸ਼ਸ਼ਿਲਾ ਸੈਂਟਰ ਫਾਰ ਲੀਡਰਸ਼ਿਪ ਡਿਵੈਲਪਮੈਂਟ ਦੇ ਹੋਣਹਾਰ ਵਿਦਿਆਰਥੀਆਂ, ਨੌਜਵਾਨ ਪੇਸ਼ੇਵਰਾਂ ਅਤੇ ਹੋਰ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ।



ਇਸ ਮੌਕੇ 26 ਨਵੰਬਰ, 1949 ਨੂੰ ਭਾਰਤੀ ਸੰਵਿਧਾਨ ਨੂੰ ਅਪਣਾਏ ਜਾਣ ਦੀ ਇਤਿਹਾਸਕ ਘਟਨਾ ਨੂੰ ਯਾਦ ਕਰਦਿਆਂ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਦੇ ਚੇਅਰਮੈਨ, ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਅਤੇ ਸੰਵਿਧਾਨ ਸਭਾ ਦੇ ਸਮੂਹ ਦੂਰਅੰਦੇਸ਼ ਮੈਂਬਰਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਸਾਲ 2015 ਵਿੱਚ 26 ਨਵੰਬਰ ਨੂੰ ਸੰਵਿਧਾਨ ਦਿਵਸ ਵਜੋਂ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਸੀ, ਤਾਂ ਜੋ ਲੋਕਾਂ ਨੂੰ ਸੰਵਿਧਾਨ ਦੀ ਮਹੱਤਤਾ ਅਤੇ ਇਸ ਦੇ ਨਿਰਮਾਤਾਵਾਂ ਦੇ ਯੋਗਦਾਨ ਬਾਰੇ ਜਾਗਰੂਕ ਕੀਤਾ ਜਾ ਸਕੇ।

ਇਸ ਮੌਕੇ ਸੰਬੋਧਨ ਕਰਦਿਆਂ ਰਾਜਿੰਦਰ ਗੁਪਤਾ ਨੇ ਕਿਹਾ ਕਿ ਡਾ. ਬੀ.ਆਰ. ਅੰਬੇਡਕਰ ਵੱਲੋਂ ਤਿਆਰ ਕੀਤਾ ਗਿਆ ਭਾਰਤੀ ਸੰਵਿਧਾਨ ਦੇਸ਼ ਲਈ ਸਭ ਤੋਂ ਅਨਮੋਲ ਵਿਰਾਸਤ ਹੈ ਅਤੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇਸ ਦੇ ਆਦਰਸ਼ਾਂ ਤੇ ਮੁੱਲਾਂ ਨਾਲ ਜੋੜਨਾ ਭਾਰਤ ਦੇ ਭਵਿੱਖ ਲਈ ਬੇਹੱਦ ਜ਼ਰੂਰੀ ਹੈ। ਅਸੀਂ ਇਸ ਸੰਵਿਧਾਨ ਗੌਰਵ ਦਿਵਸ ’ਤੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਜੀਵਨ ਨੂੰ ਯਾਦ ਕਰਦੇ ਹਾਂ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਲੋਕ ਭਲਾਈ ਅਤੇ ਸਰਬਪੱਖੀ ਵਿਕਾਸ ਪ੍ਰਤੀ ਵਚਨਬੱਧਤਾ ਸਦਕਾ ਦੇਸ਼ ਆਤਮਨਿਰਭਰ ਅਤੇ ਵਿਕਸਿਤ ਭਾਰਤ ਦੇ ਟੀਚੇ ਵੱਲ ਲਗਾਤਾਰ ਅੱਗੇ ਵਧ ਰਿਹਾ ਹੈ। ਸਾਡਾ ਉਦੇਸ਼ ਅਜਿਹਾ ਭਾਰਤ ਸਿਰਜਣਾ ਹੈ, ਜਿੱਥੇ ਹਰ ਪਰਿਵਾਰ ਨੂੰ ਬੁਨਿਆਦੀ ਸਹੂਲਤਾਂ, ਸਿਹਤ ਸੇਵਾਵਾਂ ਅਤੇ ਮਿਆਰੀ ਸਿੱਖਿਆ ਮਿਲੇ ਅਤੇ ਹਰ ਨਾਗਰਿਕ ਵਿਸ਼ਵ ਪੱਧਰ ’ਤੇ ਮਾਣ ਨਾਲ ਆਪਣੀ ਪਛਾਣ ਸਥਾਪਿਤ ਕਰ ਸਕੇ।

ਸਮਾਗਮ ਦੌਰਾਨ ਨੌਜਵਾਨਾਂ ਨੂੰ ਸੰਵਿਧਾਨ ਵੱਲੋਂ ਦਿੱਤੇ ਗਏ ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਮੌਲਿਕ ਫਰਜ਼ਾਂ ਪ੍ਰਤੀ ਵੀ ਜਾਗਰੂਕ ਕੀਤਾ ਗਿਆ। ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਕਿ ਜ਼ਿੰਮੇਵਾਰ ਨਾਗਰਿਕ ਬਣਨ ਅਤੇ ਦੇਸ਼ ਦੀਆਂ ਲੋਕਤੰਤਰੀ ਸੰਸਥਾਵਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਨੌਜਵਾਨਾਂ ਦੀ ਸਰਗਰਮ ਭੂਮਿਕਾ ਬੇਹੱਦ ਮਹੱਤਵਪੂਰਨ ਹੈ।

ਸਮਾਗਮ ਦੀ ਸਮਾਪਤੀ ਸੰਵਿਧਾਨ ਦੇ ਆਦਰਸ਼ਾਂ ਅਤੇ ਮੁੱਲਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਣਾਉਣ ਅਤੇ ਮਜ਼ਬੂਤ, ਬਰਾਬਰੀ ਵਾਲੇ, ਆਤਮਨਿਰਭਰ ਅਤੇ ਵਿਕਸਿਤ ਭਾਰਤ ਦੀ ਸਿਰਜਣਾ ਵਿੱਚ ਯੋਗਦਾਨ ਪਾਉਣ ਦੇ ਸਮੂਹਿਕ ਸੰਕਲਪ ਨਾਲ ਹੋਈ।

ਚੰਡੀਗੜ੍ਹ ਨਗਰ ਨਿਗਮ ਚੋਣਾਂ. ਵਾਰਡ ਨੰਬਰ 30 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਬੀਬੀ ਸਤਨਾਮ ਕੌਰ ਬੁਟੇਰਲਾ ਵੱਲੋਂ ਚੋਣ ਪ੍ਰਚਾਰ



ਚੰਡੀਗੜ੍ਹ, 28 ਨਵੰਬਰ
-ਹਰਮਿੰਦਰ ਸਿੰਘ ਨਾਗਪਾਲ-
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਨਗਰ ਨਿਗਮ ਚੋਣਾਂ ਦੇ ਮੱਦੇਨਜ਼ਰ ਵਾਰਡ ਨੰਬਰ 30 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਬੀਬੀ ਸਤਨਾਮ ਕੌਰ ਬੁਟੇਰਲਾ ਵੱਲੋਂ ਅੱਜ ਵਾਰਡ ਦੇ ਵੱਖ-ਵੱਖ ਇਲਾਕਿਆਂ ਵਿੱਚ ਜ਼ੋਰਦਾਰ ਚੋਣ ਪ੍ਰਚਾਰ ਕੀਤਾ ਗਿਆ।

ਬੀਬੀ ਸਤਨਾਮ ਕੌਰ ਬੁਟੇਰਲਾ ਨੇ ਘਰ-ਘਰ ਜਾ ਕੇ ਵਾਰਡ ਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਚੋਣ ਨਿਸ਼ਾਨ ਝਾੜੂ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਜੇਕਰ ਵਾਰਡ ਵਾਸੀ ਉਨ੍ਹਾਂ ਨੂੰ ਸੇਵਾ ਦਾ ਮੌਕਾ ਦਿੰਦੇ ਹਨ, ਤਾਂ ਉਹ ਵਾਰਡ ਦੀਆਂ ਸਾਰੀਆਂ ਮੁੱਢਲੀਆਂ ਸਹੂਲਤਾਂ ਜਿਵੇਂ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ, ਸੜਕਾਂ, ਸਟਰੀਟ ਲਾਈਟਾਂ, ਪਾਰਕਾਂ ਦੀ ਸਾਂਭ-ਸੰਭਾਲ ਅਤੇ ਸੀਵਰੇਜ ਸਿਸਟਮ ਦਾ ਖਿਆਲ ਰੱਖਣਗੇ। ਉਨ੍ਹਾਂ ਦਾ ਇੱਕੋ ਮਕਸਦ ਵਾਰਡ ਦਾ ਸਰਬਪੱਖੀ ਵਿਕਾਸ ਅਤੇ ਹਰ ਵਾਰਡ ਵਾਸੀ ਦੀ ਆਵਾਜ਼ ਨਗਰ ਨਿਗਮ ਵਿੱਚ ਪਹੁੰਚਾਉਣਾ ਰਹੇਗਾ।

ਇਸ ਮੌਕੇ ਕੌਂਸਲਰ ਹਰਦੀਪ ਸਿੰਘ ਬੁਟੇਰਲਾ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਉਨ੍ਹਾਂ ਨੇ ਵਾਰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬੀਬੀ ਸਤਨਾਮ ਕੌਰ ਬੁਟੇਰਲਾ ਦੇ ਚੋਣ ਨਿਸ਼ਾਨ ਝਾੜੂ ਨੂੰ ਵੱਧ ਤੋਂ ਵੱਧ ਵੋਟਾਂ ਦੇ ਕੇ ਕਾਮਯਾਬ ਕਰਨ, ਤਾਂ ਜੋ ਵਾਰਡ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਚੋਣ ਪ੍ਰਚਾਰ ਦੌਰਾਨ ਵਾਰਡ ਵਾਸੀਆਂ ਵੱਲੋਂ ਬੀਬੀ ਸਤਨਾਮ ਕੌਰ ਬੁਟੇਰਲਾ ਦਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਭਰਪੂਰ ਸਮਰਥਨ ਦੇਣ ਦਾ ਭਰੋਸਾ ਦਿਵਾਇਆ ਗਿਆ।

ਸਰਕਾਰ ਨੇ ਪੀ.ਆਰ.ਟੀ.ਸੀ. ਦੇ ਆਊਟਸੋਰਸਡ ਮੁਲਾਜ਼ਮਾਂ ਨੂੰ ਠੇਕੇ (ਕੰਟਰੈਕਟ) ਅਧੀਨ ਲਿਆਉਣ ਦੀ ਇਤਿਹਾਸਕ ਪ੍ਰਕਿਰਿਆ ਕੀਤੀ ਸ਼ੁਰੂ: ਹਰਪਾਲ ਸਿੰਘ ਚੀਮਾ

ਸੰਗਰੂਰ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਵਿੱਤ ਅਤੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦੇ ਸੰਗਰੂਰ ਡਿਪੂ ਵਿਖੇ ਕਰਵਾਏ ਗਏ ਇੱਕ ਵਿਸ਼ੇਸ਼ ਸਮਾਗਮ ਦੌਰਾਨ ਆਊਟਸੋਰਸਡ ਮੁਲਾਜ਼ਮਾਂ ਨੂੰ ਠੇਕੇ (ਕੰਟਰੈਕਟ) ਅਧੀਨ ਲਿਆਉਣ ਦੀ ਇਤਿਹਾਸਕ ਪ੍ਰਕਿਰਿਆ ਦੀ ਰਸਮੀ ਸ਼ੁਰੂਆਤ ਕੀਤੀ।

ਇਸ ਮੁਲਾਜ਼ਮ-ਪੱਖੀ ਫੈਸਲੇ 'ਤੇ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੁਲਾਜ਼ਮਾਂ ਨੂੰ ਸੁਰੱਖਿਅਤ ਭਵਿੱਖ, ਮਾਣ-ਸਨਮਾਨ ਅਤੇ ਬਿਹਤਰ ਸੇਵਾ ਸ਼ਰਤਾਂ ਪ੍ਰਦਾਨ ਕਰਨ ਲਈ ਦ੍ਰਿੜ੍ਹਤਾ ਨਾਲ ਕੰਮ ਕਰ ਰਹੀ ਹੈ। ਪੀ.ਆਰ.ਟੀ.ਸੀ. ਦੇ 1,719 ਮੁਲਾਜ਼ਮਾਂ ਨੂੰ ਠੇਕੇ ਅਧੀਨ ਲਿਆਉਣ ਦੀ ਪਹਿਲਕਦਮੀ ਤਹਿਤ ਸਮਾਗਮ ਦੌਰਾਨ ਵੱਖ-ਵੱਖ ਡਿਪੂਆਂ ਦੇ 104 ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਭਗਵੰਤ ਮਾਨ ਸਰਕਾਰ ਨੇ ਆਊਟਸੋਰਸਡ ਮੁਲਾਜ਼ਮਾਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਕਰਨ ਲਈ ਇਤਿਹਾਸਕ ਕਾਨੂੰਨ ਬਣਾਇਆ ਹੈ। ਕਾਨੂੰਨ ਤਹਿਤ ਨਿਰਧਾਰਤ 90 ਦਿਨਾਂ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ, ਹੁਣ ਯੋਗ ਮੁਲਾਜ਼ਮਾਂ ਨੂੰ ਠੇਕੇ ਅਧੀਨ ਲਿਆਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਉਨ੍ਹਾਂ ਸਪੱਸ਼ਟ ਕੀਤਾ, ਸਬੰਧਤ ਅਧਿਕਾਰੀਆਂ ਵੱਲੋਂ ਯੋਗ ਮੁਲਾਜ਼ਮਾਂ ਲਈ ਨਿਯੁਕਤੀ ਪੱਤਰ ਤਿਆਰ ਕੀਤੇ ਜਾ ਰਹੇ ਹਨ। ਸੇਵਾ ਰਿਕਾਰਡ ਦੀ ਤਸਦੀਕ, ਮੈਡੀਕਲ ਜਾਂਚ ਅਤੇ ਪੁਲਿਸ ਵੈਰੀਫਿਕੇਸ਼ਨ ਸਮੇਤ ਸਾਰੀਆਂ ਲੋੜੀਂਦੀਆਂ ਵਿਭਾਗੀ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ ਮੁਲਾਜ਼ਮਾਂ ਨੂੰ



ਠੇਕੇ 'ਤੇ ਨਿਯੁਕਤ ਕੀਤਾ ਜਾ ਰਿਹਾ ਹੈ। ਇਹ ਸਾਰੀ ਪ੍ਰਕਿਰਿਆ ਪਾਰਦਰਸ਼ੀ ਅਤੇ ਨਿਯਮਾਂ ਅਨੁਸਾਰ ਮੁਕੰਮਲ ਕੀਤੀ ਜਾਵੇਗੀ।

ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਗੇ ਕਿਹਾ, ਪਿਛਲੀਆਂ ਸਰਕਾਰਾਂ ਨੇ ਇਨ੍ਹਾਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਵਾਰ-ਵਾਰ ਧਰਨੇ ਅਤੇ ਹੜਤਾਲਾਂ ਕਰਨ ਲਈ ਮਜਬੂਰ ਹੋਣਾ ਪਿਆ। ਇਸ ਦੇ ਉਲਟ, ਭਗਵੰਤ ਮਾਨ ਸਰਕਾਰ ਨੇ ਉਨ੍ਹਾਂ ਦੀਆਂ ਮੁਸ਼ਕਲਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਦਿਆਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਠੋਸ ਕਾਨੂੰਨੀ ਕਦਮ ਚੁੱਕੇ ਹਨ।

ਵਿੱਤ ਮੰਤਰੀ ਨੇ ਮੁਲਾਜ਼ਮਾਂ ਨੂੰ ਆਪਣੀ ਡਿਊਟੀ ਪੂਰੀ ਲਗਨ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਣ ਦੀ ਅਪੀਲ ਵੀ ਕੀਤੀ। ਸਰਕਾਰੀ ਦਫ਼ਤਰਾਂ ਵਿੱਚ ਅਨੁਸ਼ਾਸਨ ਅਤੇ ਜਵਾਬਦੇਹੀ ਯਕੀਨੀ ਬਣਾਉਣ ਪ੍ਰਤੀ ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ ਦਾ ਜ਼ਿਕਰ ਕਰਦਿਆਂ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਮੈਂ ਅੱਜ ਸਵੇਰੇ ਸੰਗਰੂਰ ਵਿੱਚ ਜੀ.ਐਸ.ਟੀ. ਅਤੇ ਆਬਕਾਰੀ ਵਿਭਾਗ ਦੇ ਦਫ਼ਤਰਾਂ ਦੀ ਅਚਨਚੇਤ ਚੈਕਿੰਗ ਕੀਤੀ। ਚੈਕਿੰਗ ਦੌਰਾਨ ਕਈ ਮੁਲਾਜ਼ਮ ਡਿਊਟੀ ਤੋਂ ਗੈਰ-ਹਾਜ਼ਰ ਪਾਏ ਗਏ।

ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਗੇ ਦੱਸਿਆ, ਗੈਰ-ਹਾਜ਼ਰ ਮੁਲਾਜ਼ਮਾਂ ਦੀ ਪਛਾਣ ਕਰਨ ਲਈ ਦਫ਼ਤਰਾਂ ਦੇ ਹਾਜ਼ਰੀ ਰਜਿਸਟਰ ਕਬਜ਼ੇ ਵਿੱਚ ਲੈ ਲਏ ਗਏ ਹਨ। ਮੁਕੰਮਲ ਜਾਂਚ ਤੋਂ ਬਾਅਦ ਦੋਸ਼ੀ ਪਾਏ ਜਾਣ ਵਾਲਿਆਂ ਖ਼ਿਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਮੰਤਰੀ ਨੇ ਸਪੱਸ਼ਟ ਕੀਤਾ, ਸਰਕਾਰੀ ਦਫ਼ਤਰਾਂ ਵਿੱਚ ਲਾਪਰਵਾਹੀ, ਡਿਊਟੀ ਵਿੱਚ ਕੁਤਾਹੀ ਅਤੇ ਬਿਨਾਂ ਅਗਾਊਂ ਪ੍ਰਵਾਨਗੀ ਦੇ ਗੈਰ-ਹਾਜ਼ਰੀ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਰਕਾਰੀ ਮੁਲਾਜ਼ਮ ਲੋਕਾਂ ਨੂੰ ਸਮੇਂ ਸਿਰ, ਪਾਰਦਰਸ਼ੀ ਅਤੇ ਕੁਸ਼ਲ ਸੇਵਾਵਾਂ ਪ੍ਰਦਾਨ ਕਰਨ ਲਈ ਪਾਬੰਦ ਹਨ ਅਤੇ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਵਿੱਚ ਅਸਫਲ ਰਹਿਣ ਵਾਲੇ ਕਿਸੇ ਵੀ ਵਿਅਕਤੀ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਪੀ.ਆਰ.ਟੀ.ਸੀ. ਦੇ ਮੈਨੇਜਿੰਗ ਡਾਇਰੈਕਟਰ ਜਸ਼ਨਪ੍ਰੀਤ ਕੌਰ ਗਿੱਲ, ਸੰਗਰੂਰ ਦੇ ਜਨਰਲ ਮੈਨੇਜਰ ਮਨਿੰਦਰਪਾਲ ਸਿੰਘ ਸਿੱਧੂ, ਵਿੱਤ ਮੰਤਰੀ ਦੇ ਓ.ਐਸ.ਡੀ. ਤਪਿੰਦਰ ਸਿੰਘ ਸੋਹੀ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਅਹੁਦੇਦਾਰ, ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਮੁਲਾਜ਼ਮ ਹਾਜ਼ਰ ਸਨ।

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ 54 ਅਤੇ ਪੁੱਡਾ ਵਿੱਚ ਦੋ ਨਵੇਂ ਉਮੀਦਵਾਰ ਨਿਯੁਕਤ; ਹਰਦੀਪ ਸਿੰਘ ਮੁੰਡੀਆਂ ਨੇ ਸੌਂਪੇ ਨਿਯੁਕਤੀ ਪੱਤਰ

ਚੰਡੀਗੜ੍ਹ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ 54 ਨਵ-ਨਿਯੁਕਤ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ। ਮੈਰਿਟ ਦੇ ਆਧਾਰ 'ਤੇ ਚੁਣੇ ਗਏ ਇਨ੍ਹਾਂ ਮੁਲਾਜ਼ਮਾਂ ਵਿੱਚ 46 ਬਲਾਕ ਰਿਸੋਰਸ ਕੋਆਰਡੀਨੇਟਰ, ਪੰਜ ਕਮਿਊਨਿਟੀ ਡਿਵੈਲਪਮੈਂਟ ਸਪੈਸ਼ਲਿਸਟ ਅਤੇ ਤਿੰਨ ਆਈ.ਈ.ਸੀ. ਸਪੈਸ਼ਲਿਸਟ ਸ਼ਾਮਲ ਹਨ।

ਪੰਜਾਬ ਭਵਨ ਵਿਖੇ ਸਮਾਗਮ ਦੌਰਾਨ ਨਵ-ਨਿਯੁਕਤ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਨਵ-ਨਿਯੁਕਤ ਮੁਲਾਜ਼ਮਾਂ ਦੇ ਵਿਭਾਗ ਵਿੱਚ ਸ਼ਾਮਲ ਹੋਣ ਨਾਲ ਵਿਭਾਗ ਦੇ ਪਰਿਵਾਰ ਵਿੱਚ ਵਾਧਾ ਹੋਇਆ ਹੈ ਅਤੇ ਉਹ ਲੋਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਯੋਗ ਅਤੇ ਹੱਕਦਾਰ ਉਮੀਦਵਾਰਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਸ. ਹਰਦੀਪ ਸਿੰਘ ਮੁੰਡੀਆਂ ਨੇ ਨਵੇਂ ਮੁਲਾਜ਼ਮਾਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ, ਸਮਰਪਣ ਭਾਵਨਾ ਅਤੇ ਤਨਦੇਹੀ ਨਾਲ ਨਿਭਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਲੋਕ ਸੇਵਾ ਇੱਕ ਅਹਿਮ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸਾਰੇ ਮੁਲਾਜ਼ਮਾਂ ਨੂੰ ਆਪਣੇ ਅਹੁਦਿਆਂ ਦੀ ਮਰਿਆਦਾ ਕਾਇਮ ਰੱਖਦਿਆਂ ਲੋਕਾਂ ਦੀ ਭਲਾਈ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਨਵ-ਨਿਯੁਕਤ ਮੁਲਾਜ਼ਮ ਆਪਣੀ ਜ਼ਿੰਮੇਵਾਰੀ ਪੂਰੀ ਨਿਸ਼ਠਾ ਨਾਲ ਨਿਭਾਉਣਗੇ ਅਤੇ ਵਿਭਾਗ ਦੀ ਕਾਰਗੁਜ਼ਾਰੀ ਨੂੰ ਹੋਰ ਮਜ਼ਬੂਤ ਕਰਨਗੇ।

ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਸਕੱਤਰ ਸ੍ਰੀ ਰਾਮਵੀਰ ਨੇ ਨਵੇਂ ਮੁਲਾਜ਼ਮਾਂ ਦਾ ਵਿਭਾਗ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਅੱਜ ਤੋਂ ਉਹ ਵਿਭਾਗੀ ਪਰਿਵਾਰ ਦਾ ਅਹਿਮ ਹਿੱਸਾ ਬਣ ਗਏ ਹਨ। ਉਨ੍ਹਾਂ ਨਵੇਂ ਭਰਤੀ ਹੋਏ ਮੁਲਾਜ਼ਮਾਂ ਨੂੰ ਪੂਰੀ ਲਗਨ, ਅਨੁਸ਼ਾਸਨ ਅਤੇ ਜ਼ਿੰਮੇਵਾਰੀ ਦੀ ਭਾਵਨਾ ਨਾਲ ਕੰਮ ਕਰਨ ਅਤੇ ਵਿਭਾਗ ਦੇ ਉਦੇਸ਼ਾਂ ਦੀ ਪੂਰਤੀ ਵਿੱਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵਿਭਾਗ ਦੀ ਤਰੱਕੀ ਅਤੇ ਲੋਕਾਂ ਤੱਕ ਬਿਹਤਰ ਸੇਵਾਵਾਂ ਪਹੁੰਚਾਉਣ ਵਿੱਚ ਮੁਲਾਜ਼ਮਾਂ ਦੀ ਸਮਰਪਿਤ ਭੂਮਿਕਾ ਬਹੁਤ ਅਹਿਮ ਹੈ।

ਇਸ ਤੋਂ ਇਲਾਵਾ ਪੁੱਡਾ ਭਵਨ ਵਿਖੇ ਹੋਏ ਇੱਕ ਵੱਖਰੇ ਸੰਖੇਪ ਸਮਾਗਮ ਦੌਰਾਨ ਕੈਬਨਿਟ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਸਰਕਾਰ ਦੀ ਤਰਸ ਦੇ ਆਧਾਰ 'ਤੇ ਨਿਯੁਕਤੀ ਨੀਤੀ ਤਹਿਤ ਪੁੱਡਾ ਵਿੱਚ ਭਰਤੀ ਕੀਤੇ ਗਏ ਦੋ ਕਲਰਕ-ਕਮ-ਡਾਟਾ ਐਂਟਰੀ ਆਪਰੇਟਰਾਂ ਨੂੰ ਵੀ ਨਿਯੁਕਤੀ ਪੱਤਰ ਸੌਂਪੇ।

‘ਗੱਠਜੋੜ ਦੇ ਬਦਲ ਖੁੱਲ੍ਹੇ, ਕਿਸੇ ਵੀ ਸੰਭਾਵਨਾ ਤੋਂ ਇਨਕਾਰ ਨਹੀਂ’: ਪਰਗਟ ਸਿੰਘ ਕਾਂਗਰਸ ਨੇ ਭਾਜਪਾ-ਅਕਾਲੀ ਦਲ ਦੇ ਮੁੜ ਗੱਠਜੋੜ ਨੂੰ ਦੱਸਿਆ ‘ਖ਼ਤਰਨਾਕ’

ਚੰਡੀਗੜ੍ਹ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਗਾਮੀ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਮੱਦੇਨਜ਼ਰ ਪੰਜਾਬ ਕਾਂਗਰਸ ਨੇ ਅੱਜ ਚੋਣ ਗੱਠਜੋੜ ਲਈ ਆਪਣੇ ਬਦਲ ਖੁੱਲ੍ਹੇ ਰੱਖਦਿਆਂ ਕਿਹਾ ਕਿ ਕਿਸੇ ਵੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ , ਜਿਸ ਵਿੱਚ 'ਇੰਡੀਆ' (INDIA) ਗੱਠਜੋੜ ਦੇ ਭਾਈਵਾਲਾਂ ਨਾਲ ਸਮਝੌਤਾ ਵੀ ਸ਼ਾਮਲ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਕਿਹਾ ਕਿ ਕਿਸੇ ਵੀ ਗੱਠਜੋੜ ਬਾਰੇ ਅੰਤਿਮ ਫ਼ੈਸਲਾ ਪਾਰਟੀ ਹਾਈ ਕਮਾਂਡ ਵੱਲੋਂ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਸੂਬੇ ਵਿੱਚ ਸੀ.ਪੀ.ਆਈ. (CPI) ਅਤੇ ਸੀ.ਪੀ.ਐੱਮ. (CPM) ਨਾਲ ਸਮਝੌਤੇ ਦੀਆਂ ਸੰਭਾਵਨਾਵਾਂ ਤਲਾਸ਼ ਸਕਦੀ ਹੈ। ਪੰਜਾਬ ਕਾਂਗਰਸ ਭਵਨ ਵਿਖੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਪਰਗਟ ਸਿੰਘ ਨੇ ਕਿਹਾ ਕਿ ਪਾਰਟੀ ਪੂਰੀ ਤਾਕਤ ਨਾਲ ਚੋਣਾਂ ਲੜੇਗੀ ਅਤੇ ਪੰਜਾਬ ਵਿੱਚ ਸਰਕਾਰ ਬਣਾਏਗੀ।

ਪਰਗਟ ਸਿੰਘ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਡਾ. ਅਮਰ ਸਿੰਘ ਨੇ ਮੁੜ ਸੁਰਜੀਤ ਹੋਏ ਭਾਜਪਾ-ਸ਼੍ਰੋਮਣੀ ਅਕਾਲੀ ਦਲ ਗੱਠਜੋੜ 'ਤੇ ਵੀ ਤਿੱਖਾ ਹਮਲਾ ਬੋਲਦਿਆਂ ਇਸ ਨੂੰ ਸਿਆਸੀ ਮਜਬੂਰੀ ਕਰਾਰ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਦੋਵਾਂ ਪਾਰਟੀਆਂ ਨੂੰ ਆਪਣੇ ਅੰਦਰੂਨੀ ਸਰਵੇਖਣਾਂ ਵਿੱਚ ਨਾਂਹ-ਪੱਖੀ ਫੀਡਬੈਕ ਮਿਲੀ ਸੀ ਅਤੇ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਵੱਖ-ਵੱਖ ਚੋਣਾਂ ਲੜਨ ਨਾਲ ਉਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਪਰਗਟ ਸਿੰਘ ਨੇ ਕਿਹਾ ਕਿ ਕਾਂਗਰਸ ਨੌਜਵਾਨ ਆਗੂਆਂ ਨੂੰ ਮੌਕੇ ਦੇਵੇਗੀ, ਖ਼ਾਸ ਕਰ ਕੇ ਸਾਫ਼-ਸੁਥਰੇ ਅਕਸ ਅਤੇ ਜਿੱਤਣ ਦੀ ਸਮਰੱਥਾ ਰੱਖਣ ਵਾਲਿਆਂ ਨੂੰ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ 60-70 ਨੌਜਵਾਨ ਉਮੀਦਵਾਰਾਂ ਨੂੰ ਟਿਕਟਾਂ ਦੇਣ ਦੇ ਸੁਝਾਅ 'ਤੇ ਪ੍ਰਤੀਕਿਰਿਆ ਦਿੰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਨੌਜਵਾਨਾਂ ਨੂੰ



ਉਤਸ਼ਾਹਿਤ ਕਰੇਗੀ ਪਰ ਮਹਿਜ਼ ਗਿਣਤੀ ਦਾ ਟੀਚਾ ਪੂਰਾ ਕਰਨ ਲਈ ਟਿਕਟਾਂ ਨਹੀਂ ਵੰਡੇਗੀ। ਚੰਨੀ ਨੇ ਭਾਜਪਾ-ਸ਼੍ਰੋਮਣੀ ਅਕਾਲੀ ਦਲ ਦੇ ਮੁੜ ਇਕੱਠੇ ਹੋਣ ਦੇ ਆਧਾਰ 'ਤੇ ਸਵਾਲ ਚੁੱਕਿਆ ਅਤੇ ਪੁੱਛਿਆ ਕਿ ਕੀ ਉਹ ਮੁੱਦੇ ਹੱਲ ਹੋ ਗਏ ਹਨ ਜਿਨ੍ਹਾਂ ਕਾਰਨ ਛੇ ਸਾਲ ਪਹਿਲਾਂ ਉਨ੍ਹਾਂ ਦੇ ਰਸਤੇ ਵੱਖ ਹੋਏ ਸਨ। ਉਨ੍ਹਾਂ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤੇ ਜਾਣ ਸਬੰਧੀ ਚੱਲ ਰਹੀਆਂ ਚਰਚਾਵਾਂ ਦੇ ਪਿਛੋਕੜ ਵਿੱਚ ਮੁੱਖ ਮੰਤਰੀ ਦੇ ਅਹੁਦੇ ਬਾਰੇ ਅਕਾਲੀ ਦਲ ਦੇ ਪਹਿਲੇ ਸਟੈਂਡ ਤੋਂ ਕਥਿਤ ਤੌਰ 'ਤੇ ਪਿੱਛੇ ਹਟਣ 'ਤੇ ਵੀ ਸਵਾਲ ਉਠਾਏ। ਭਾਜਪਾ 'ਤੇ ਪੰਜਾਬ ਵਿੱਚ ਘੱਟ ਗਿਣਤੀਆਂ ਨੂੰ ਕਮਜ਼ੋਰ ਕਰਨ ਦੀ ਇੱਛਾ ਰੱਖਣ ਦਾ ਦੋਸ਼ ਲਾਉਂਦਿਆਂ ਚੰਨੀ ਨੇ ਇਸ ਗੱਠਜੋੜ ਨੂੰ ਸੂਬੇ ਲਈ ਖ਼ਤਰਨਾਕ ਦੱਸਿਆ। ਉਨ੍ਹਾਂ ਕਿਸਾਨ ਅੰਦੋਲਨ ਨੂੰ ਲੈ ਕੇ ਵੀ ਭਾਜਪਾ ਨੂੰ ਨਿਸ਼ਾਨਾ ਬਣਾਇਆ ਅਤੇ ਦਾਅਵਾ ਕੀਤਾ ਕਿ ਇਸ ਸੰਘਰਸ਼ ਦੌਰਾਨ 750 ਤੋਂ ਵੱਧ ਕਿਸਾਨਾਂ ਨੇ ਆਪਣੀਆਂ ਜਾਨਾਂ ਗਵਾਈਆਂ ਸਨ। ਉਨ੍ਹਾਂ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਉਨ੍ਹਾਂ ਦੇ ਪਿਛਲੇ ਕਾਰਜਕਾਲ ਦੌਰਾਨ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਤੇ ਵੀ ਘੇਰਿਆ।

ਭਾਜਪਾ 'ਤੇ ਵਿਰੋਧੀ ਧਿਰ ਦੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਲਈ ਕੇਂਦਰੀ ਜਾਂਚ ਏਜੰਸੀਆਂ ਦੀ ਵਰਤੋਂ ਕਰਨ ਦਾ ਦੋਸ਼ ਲਾਉਂਦਿਆਂ ਚੰਨੀ ਨੇ ਕਿਹਾ ਕਿ ਸੱਤਾ ਵਿੱਚ ਆਉਣ 'ਤੇ ਕਾਂਗਰਸ ਮੌਜੂਦਾ ਲੋਕ ਭਲਾਈ ਸਕੀਮਾਂ ਨੂੰ ਜਾਰੀ ਰੱਖੇਗੀ।

ਹਰਸਿਮਰਤ ਬਾਦਲ ਨੂੰ ਕੇਂਦਰੀ ਮੰਤਰੀ ਬਣਾਉਣ ਲਈ ਕੀਤਾ ਗਿਆ ਅਕਾਲੀ-ਭਾਜਪਾ ਗੱਠਜੋੜ: ਰਾਜਾ ਵੜਿੰਗ

ਬਠਿੰਡਾ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਲੁਧਿਆਣਾ ਤੋਂ ਮੌਜੂਦਾ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬੁੱਧਵਾਰ ਨੂੰ ਦੋਸ਼ ਲਗਾਇਆ ਕਿ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਸਿਰਫ਼ ਇਸ ਲਈ ਮੁੜ ਸੁਰਜੀਤ ਕੀਤਾ ਗਿਆ ਹੈ ਤਾਂ ਜੋ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਲਈ ਕੇਂਦਰੀ ਮੰਤਰੀ ਮੰਡਲ ਵਿੱਚ ਜਗ੍ਹਾ ਬਣਾਈ ਜਾ ਸਕੇ।

ਵੜਿੰਗ ਬਠਿੰਡਾ ਜ਼ਿਲ੍ਹੇ ਦੇ ਭੁੱਚੋ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਗੋਨਿਆਣਾ ਵਿਖੇ ਸਨ, ਜਿੱਥੇ ਉਨ੍ਹਾਂ ਨੇ ਪੰਜਾਬ ਵਿੱਚ ਕਥਿਤ ਤੌਰ 'ਤੇ ਵਿਗੜ ਰਹੀ ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਉਜਾਗਰ ਕਰਨ ਲਈ ਪਾਰਟੀ ਦੀ ਜ਼ਿਲ੍ਹਾ ਲੀਡਰਸ਼ਿਪ ਦੇ ਨਾਲ ਮਿਲ ਕੇ

ਹਰਿਆਣਾ ਵਿੱਚ ਆਧਾਰ ਸੇਵਾਵਾਂ ਦੀ ਪਹੁੰਚ ਹੋਵੇਗੀ ਹੋਰ ਆਸਾਨ, UIDAI ਨੇ ਸਥਾਪਤ ਕੀਤੇ 17 ਆਧਾਰ ਸੇਵਾ ਕੇਂਦਰ

ਸੂਬੇ ਦੇ 17 ਜ਼ਿਲ੍ਹਿਆਂ ਵਿੱਚ ਚੱਲ ਰਹੇ ਆਧਾਰ ਸੇਵਾ ਕੇਂਦਰਾਂ ਵਿੱਚ ਮਿਲਣਗੀਆਂ ਆਧਾਰ ਨਾਲ ਸਬੰਧਤ ਵੱਖ-ਵੱਖ ਸਹੂਲਤਾਂ, ਨਵੇਂ ਆਧਾਰ ਨਾਮਾਂਕਣ ਦੀ ਸੇਵਾ ਪੂਰੀ ਤਰ੍ਹਾਂ ਮੁਫ਼ਤ

ਚੰਡੀਗੜ੍ਹ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਵਿਲੱਖਣ ਪਛਾਣ ਅਥਾਰਟੀ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਤਰੀ ਦਫ਼ਤਰ, ਚੰਡੀਗੜ੍ਹ ਵੱਲੋਂ ਹਰਿਆਣਾ ਦੇ ਨਾਗਰਿਕਾਂ ਨੂੰ ਆਧਾਰ ਸੇਵਾਵਾਂ ਸੁਖਾਲੇ ਢੰਗ ਨਾਲ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸੂਬੇ ਵਿੱਚ 17 ਆਧਾਰ ਸੇਵਾ ਕੇਂਦਰ (ASK) ਚਲਾਏ ਜਾ ਰਹੇ ਹਨ। ਇਨ੍ਹਾਂ ਕੇਂਦਰਾਂ ਰਾਹੀਂ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਵਸਨੀਕਾਂ ਨੂੰ ਆਧਾਰ ਨਾਲ ਸਬੰਧਤ ਸੇਵਾਵਾਂ ਉਨ੍ਹਾਂ ਦੇ ਨੇੜੇ ਹੀ ਉਪਲਬਧ ਹੋ ਰਹੀਆਂ ਹਨ। ਇਸ ਨਾਲ ਨਾਗਰਿਕਾਂ ਨੂੰ ਆਧਾਰ ਨਾਲ ਸਬੰਧਤ ਆਮ ਕੰਮਾਂ ਲਈ ਬੇਲੋੜੇ ਤੌਰ 'ਤੇ "9419 ਦੇ ਖੇਤਰੀ ਦਫ਼ਤਰ, ਚੰਡੀਗੜ੍ਹ ਤੱਕ ਆਉਣ ਦੀ ਲੋੜ ਨਹੀਂ ਪਵੇਗੀ।

UIDAI ਵੱਲੋਂ ਸਥਾਪਤ ਕੀਤੇ ਇਹ ਆਧਾਰ ਸੇਵਾ ਕੇਂਦਰ ਹਿਸਾਰ, ਗੁਰੂਗ੍ਰਾਮ, ਸੋਨੀਪਤ, ਯਮੁਨਾਨਗਰ, ਅੰਬਾਲਾ, ਕੁਰੂਕਸ਼ੇਤਰ, ਫਤਿਹਾਬਾਦ, ਸਿਰਸਾ, ਕੈਥਲ, ਭਿਵਾਨੀ, ਪਾਣੀਪਤ, ਮੇਵਾਤ (ਨੂਹ), ਜੀਂਦ, ਝੱਜਰ, ਕਰਨਾਲ, ਰੋਹਤਕ ਅਤੇ ਪਲਵਲ ਵਿੱਚ ਸਥਿਤ ਹਨ।

ਇਨ੍ਹਾਂ ਕੇਂਦਰਾਂ ਦਾ ਉਦੇਸ਼ ਨਾਗਰਿਕਾਂ ਨੂੰ ਆਧਾਰ ਸੇਵਾਵਾਂ ਲਈ ਵਾਧੂ ਸਹੂਲਤ ਅਤੇ ਆਸਾਨ ਪਹੁੰਚ ਮੁਹੱਈਆ ਕਰਵਾਉਣਾ ਹੈ। ਨਾਗਰਿਕ ਆਪਣੇ ਰਿਹਾਇਸ਼ੀ ਸਥਾਨ ਦੇ ਨੇੜੇ ਸਥਿਤ ਆਧਾਰ ਸੇਵਾ ਕੇਂਦਰ ਵਿਖੇ ਜਾ ਕੇ ਆਪਣੀ ਸਹੂਲਤ ਅਨੁਸਾਰ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਇਹ ਕੇਂਦਰ ਪਹਿਲਾਂ ਤੋਂ ਚੱਲ ਰਹੇ ਹੋਰ ਆਧਾਰ ਨਾਮਾਂਕਣ ਅਤੇ ਅਪਡੇਟ ਕੇਂਦਰਾਂ ਤੋਂ ਇਲਾਵਾ ਵਾਧੂ ਸਹੂਲਤ ਕੇਂਦਰਾਂ ਵਜੋਂ ਕੰਮ ਕਰ ਰਹੇ ਹਨ।

ਹਿਸਾਰ ਦਾ ਆਧਾਰ ਸੇਵਾ ਕੇਂਦਰ SCO-DC, ਪਹਿਲੀ ਮੰਜ਼ਿਲ, ਸੈਕਟਰ-13, ਮੇਨ ਪਾਰਕਿੰਗ, ਤੋਸ਼ਾਮ ਰੋਡ, ਡਾਬਚੌਕ ਦੇ ਨੇੜੇ ਸਥਿਤ ਹੈ। ਗੁਰੂਗ੍ਰਾਮ ਵਿੱਚ ਇਹ ਪਲਾਟ ਨੰਬਰ 804, ਪਹਿਲੀ ਮੰਜ਼ਿਲ, ਚੱਕਰਪੁਰ ਮੇਨ ਮਾਰਕੀਟ ਰੋਡ, ਸਰਸਵਤੀ ਵਿਹਾਰ, ਹਾਊਸਿੰਗ ਬੋਰਡ ਕਾਲੋਨੀ ਵਿੱਚ ਹੈ। ਸੋਨੀਪਤ ਵਿੱਚ "-38, ਓਲਡ ਮਹਾਵੀਰ ਕਾਲੋਨੀ, ਪੁਰਖਾਸ ਰੋਡ, HP ਪੈਟਰੋਲ ਪੰਪ ਦੇ ਨੇੜੇ, ਯਮੁਨਾਨਗਰ ਵਿੱਚ SCO ਨੰਬਰ 3/4, ਆਨੰਦ ਕਾਲੋਨੀ, ਗਾਬਾ ਹਸਪਤਾਲ ਦੇ ਨੇੜੇ, ਅੰਬਾਲਾ ਵਿੱਚ SCO-AI, ਹੁੱਡਾ ਸ਼ਾਪਿੰਗ ਕੰਪਲੈਕਸ, ਸੈਕਟਰ-9 ਅਤੇ ਕੁਰੂਕਸ਼ੇਤਰ ਵਿੱਚ SCO-ID, ਸੈਕਟਰ-17, ਹੁੱਡਾ ਵਿਖੇ ਆਧਾਰ ਸੇਵਾ ਕੇਂਦਰ ਚੱਲ ਰਹੇ ਹਨ।

ਇਸੇ ਤਰ੍ਹਾਂ ਫਤਿਹਾਬਾਦ ਵਿੱਚ ਸਟ੍ਰੀਟ ਨੰਬਰ-3, ਸੂਰਿਆ ਐਨਕਲੇਵ, ਬੈਂਕ ਆਫ਼ ਮਹਾਰਾਸ਼ਟਰ ਦੇ ਨੇੜੇ, ਸਿਰਸਾ ਵਿੱਚ ਓਲਡ ਕੋਰਟ ਕਾਲੋਨੀ, ਟ੍ਰੈਫਿਕ ਥਾਣੇ ਦੇ ਸਾਹਮਣੇ, ਕੈਥਲ ਵਿੱਚ ਮੱਧ ਮਾਰਗ, ਨਹਿਰੂ ਗਾਰਡਨ ਕਾਲੋਨੀ, ਗਲੀ ਨੰਬਰ-8 ਦੇ ਨੇੜੇ, ਭਿਵਾਨੀ ਵਿੱਚ SCO-C, ਹੁੱਡਾ ਮਾਰਕੀਟ ਅਤੇ ਪਾਣੀਪਤ ਵਿੱਚ ਜਾਟਲ ਰੋਡ, ਸੰਜੇ ਚੌਕ ਦੇ ਨੇੜੇ ਆਧਾਰ ਸੇਵਾ ਕੇਂਦਰ ਸਥਿਤ ਹਨ।

ਨੂਹ (ਮੇਵਾਤ) ਵਿੱਚ ਦਿੱਲੀ-ਅਲਵਰ ਰੋਡ, ਬਾਲਾਜੀ ਪੈਟਰੋਲ ਪੰਪ ਦੇ ਸਾਹਮਣੇ, ਹਿਦਾਇਤ ਕਾਲੋਨੀ, ਜੀਂਦ ਵਿੱਚ SCO-AIA, ਡਿਸਟ੍ਰਿਕਟ ਸ਼ਾਪਿੰਗ ਸੈਂਟਰ, LIC ਦਫ਼ਤਰ ਅਤੇ ਜ਼ਿਲ੍ਹਾ ਅਦਾਲਤ ਦੇ ਨੇੜੇ, ਝੱਜਰ ਵਿੱਚ ਰੋਹਤਕ ਰੋਡ, ਭਗਤ ਸਿੰਘ ਚੌਕ ਦੇ ਨੇੜੇ, ਕਰਨਾਲ ਵਿੱਚ SCO-D@, ਸੈਕਟਰ-6 ਮੇਨ ਮਾਰਕੀਟ ਰੋਡ, ਰੋਹਤਕ ਵਿੱਚ ਪੈਸਿਫਿਕ ਸਿਟੀ ਸੈਂਟਰ, ਜਾਟ ਭਵਨ ਦੇ ਨੇੜੇ ਅਤੇ ਪਲਵਲ ਵਿੱਚ ਸਿਵਲ ਲਾਈਨਜ਼ ਕਾਲੋਨੀ, ਮਥੁਰਾ ਰੋਡ 'ਤੇ ਆਧਾਰ ਸੇਵਾ ਕੇਂਦਰ ਉਪਲਬਧ ਹਨ।

ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਕੇਂਦਰਾਂ 'ਤੇ ਨਾਗਰਿਕਾਂ ਨੂੰ ਨਵਾਂ ਆਧਾਰ ਬਣਵਾਉਣ, ਨਾਮ, ਪਤਾ, ਜਨਮ ਮਿਤੀ ਅਤੇ ਲਿੰਗ ਵਰਗੇ ਜਨਸੰਖਿਆ ਸਬੰਧੀ ਵੇਰਵਿਆਂ ਵਿੱਚ ਸੋਧ ਕਰਵਾਉਣ, ਬਾਇਓਮੈਟ੍ਰਿਕ ਅਪਡੇਟ ਅਤੇ UIDAI ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਧਾਰ ਨਾਲ ਸਬੰਧਤ ਹੋਰ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਨਵਾਂ ਆਧਾਰ ਬਣਵਾਉਣ ਦੀ ਸਹੂਲਤ ਪੂਰੀ ਤਰ੍ਹਾਂ ਮੁਫ਼ਤ ਹੈ, ਜਦੋਂਕਿ ਹੋਰ ਸੇਵਾਵਾਂ ਲਈ, ਜਿੱਥੇ ਲਾਗੂ ਹੋਵੇ, UIDAI ਵੱਲੋਂ ਨਿਰਧਾਰਤ ਫੀਸ ਲਈ ਜਾਂਦੀ ਹੈ।

ਇਹ ਆਧਾਰ ਸੇਵਾ ਕੇਂਦਰ ਹਰ ਉਮਰ ਵਰਗ ਦੇ ਨਾਗਰਿਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਤਿਆਰ ਕੀਤੇ ਗਏ ਹਨ। ਇਨ੍ਹਾਂ ਵਿੱਚ ਬੱਚਿਆਂ, ਬਜ਼ੁਰਗਾਂ ਅਤੇ ਦਿਵਿਆਂਗਜਨਾਂ ਲਈ ਵੀ ਸੁਗਮ, ਸਮਾਵੇਸ਼ੀ ਅਤੇ ਸੁਵਿਧਾਜਨਕ ਮਾਹੌਲ ਮੁਹੱਈਆ ਕਰਵਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਸ ਨਾਲ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿਣ ਵਾਲੇ ਨਾਗਰਿਕਾਂ ਨੂੰ ਆਧਾਰ ਨਾਲ ਸਬੰਧਤ ਕੰਮ ਕਰਵਾਉਣ ਲਈ ਹੋਰ ਸੁਵਿਧਾਜਨਕ ਵਿਕਲਪ ਮਿਲ ਰਹੇ ਹਨ।

UIDAI ਦੇ ਖੇਤਰੀ ਦਫ਼ਤਰ, ਚੰਡੀਗੜ੍ਹ ਵਿੱਚ ਕਿਸੇ ਵਿਸ਼ੇਸ਼ ਕੰਮ ਲਈ ਜਾਣ ਵਾਲੇ ਨਾਗਰਿਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੀ ਯਾਤਰਾ ਤੋਂ 10 ਤੋਂ 15 ਦਿਨ ਪਹਿਲਾਂ ਆਨਲਾਈਨ ਅਪਾਇੰਟਮੈਂਟ ਜ਼ਰੂਰ ਬੁੱਕ ਕਰ ਲੈਣ। ਇਸ ਲਈ "9419 ਦੇ ਅਪਾਇੰਟਮੈਂਟ ਪੋਰਟਲ https://sewa.uidai.gov.in 'ਤੇ ਜਾ ਕੇ ਪਹਿਲਾਂ ਤੋਂ ਸਮਾਂ ਲਿਆ ਜਾ ਸਕਦਾ ਹੈ। ਇਸ ਨਾਲ ਨਾਗਰਿਕ ਆਪਣੀ ਯਾਤਰਾ ਦੀ ਬਿਹਤਰ ਯੋਜਨਾ ਬਣਾ ਸਕਣਗੇ ਅਤੇ ਦਫ਼ਤਰ ਵਿੱਚ ਸੁਚਾਰੂ ਢੰਗ ਨਾਲ ਸੇਵਾਵਾਂ ਦਾ ਲਾਭ ਲੈ ਸਕਣਗੇ।

UIDAI ਦੇ ਖੇਤਰੀ ਦਫ਼ਤਰ, ਚੰਡੀਗੜ੍ਹ ਦੀ ਇਸ ਪਹਿਲ ਦਾ ਉਦੇਸ਼ ਨਾਗਰਿਕ-ਕੇਂਦਰਿਤ ਸੇਵਾਵਾਂ ਨੂੰ ਉਤਸ਼ਾਹਿਤ ਕਰਨਾ, ਆਧਾਰ ਸਹੂਲਤਾਂ ਦੀ ਪਹੁੰਚ ਆਸਾਨ ਬਣਾਉਣਾ ਅਤੇ ਆਮ ਲੋਕਾਂ ਦਾ ਸਮਾਂ ਅਤੇ ਬੇਲੋੜੀ ਯਾਤਰਾ ਬਚਾਉਣਾ ਹੈ।

ਸਟੇਟ ਇਲੈਕਸ਼ਨ ਕਮਿਸ਼ਨ ਨੇ ਰਾਖਵੇਂ ਵਾਰਡਾਂ ਵਿੱਚ ਚੋਣ ਲੜਨ ਲਈ ਅਨੁਸੂਚਿਤ ਜਾਤੀ ਸਰਟੀਫਿਕੇਟਾਂ ਦੀ ਵੈਧਤਾ ਨੂੰ ਸਪਸ਼ਟ ਕੀਤਾ

ਚੰਡੀਗੜ੍ਹ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਟੇਟ ਇਲੈਕਸ਼ਨ ਕਮਿਸ਼ਨ, ਯੂ.ਟੀ. ਚੰਡੀਗੜ੍ਹ ਨੇ ਨਗਰ ਨਿਗਮ, ਚੰਡੀਗੜ੍ਹ, 2026 ਦੀਆਂ ਆਮ ਚੋਣਾਂ ਵਿੱਚ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਵਾਰਡਾਂ ਤੋਂ ਚੋਣ ਲੜਨ ਲਈ ਅਨੁਸੂਚਿਤ ਜਾਤੀ (ਐੱਸਸੀ) ਸਰਟੀਫਿਕੇਟਾਂ ਦੀ ਵੈਧਤਾ ਦੇ ਸਬੰਧ ਵਿੱਚ ਸਪਸ਼ਟੀਕਰਨ ਜਾਰੀ ਕੀਤਾ ਹੈ।

ਕਮਿਸ਼ਨ ਨੇ 26 ਨਵੰਬਰ, 2011 ਦੇ ਆਪਣੇ ਨਿਰਦੇਸ਼ਾਂ ਨੂੰ ਦੁਹਰਾਉਂਦੇ ਹੋਏ ਸਪਸ਼ਟ ਕੀਤਾ ਕਿ ਸੰਵਿਧਾਨ (ਅਨੁਸੂਚਿਤ ਜਾਤੀਆਂ) (ਕੇਂਦਰ ਸ਼ਾਸਿਤ ਪ੍ਰਦੇਸ਼) ਆਰਡਰ, 1951 ਦੀ ਅਨੁਸੂਚੀ ਦੇ ਭਾਗ 99 ਵਿੱਚ ਦਰਸਾਈਆਂ ਗਈਆਂ 36 ਜਾਤੀਆਂ ਵਿੱਚੋਂ ਕਿਸੇ ਵੀ ਜਾਤੀ ਨਾਲ ਸਬੰਧਿਤ ਚੰਡੀਗੜ੍ਹ ਦੇ ਨਿਵਾਸੀਆਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਬੋਨਾਫਾਇਡ ?ਅਧਾਰ 'ਤੇ ਜਾਰੀ ਕੀਤੇ ਗਏ ਅਨੁਸੂਚਿਤ ਜਾਤੀ ਸਰਟੀਫਿਕੇਟ ਹੀ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸੀਟਾਂ ਤੋਂ ਚੋਣ ਲੜਨ ਹਿਤ ਵੈਧ ਹੋਣਗੇ।

ਕਮਿਸ਼ਨ ਨੇ ਇਹ ਵੀ ਸਪਸ਼ਟ ਕੀਤਾ ਕਿ ਹੋਰ ਰਾਜਾਂ ਤੋਂ ਪ੍ਰਵਾਸ ਦੇ ਅਧਾਰ 'ਤੇ ਚੰਡੀਗੜ੍ਹ ਦੇ ਨਿਵਾਸੀਆਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਜਾਰੀ ਕੀਤੇ ਗਏ ਅਨੁਸੂਚਿਤ ਜਾਤੀ ਸਰਟੀਫਿਕੇਟ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸੀਟਾਂ 'ਤੇ ਚੋਣ ਲੜਨ ਹਿਤ ਵੈਧ ਨਹੀਂ ਹੋਣਗੇ।

ਬਰੀ ਹੋਏ ਪੁਲੀਸ ਮੁਲਾਜ਼ਮਾਂ ਨੂੰ ਤਨਖ਼ਾਹ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ: ਹਾਈ ਕੋਰਟ



ਚੰਡੀਗੜ੍ਹ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਹਿਮ ਫ਼ੈਸਲੇ ਵਿੱਚ ਕਿਹਾ ਹੈ ਕਿ ਜੇਕਰ ਪੁਲੀਸ ਮੁਲਾਜ਼ਮਾਂ ਨੂੰ ਨਿਯਮਤ ਵਿਭਾਗੀ ਜਾਂਚ ਕਰਵਾਏ ਬਿਨਾਂ ਬਰਖ਼ਾਸਤ ਕੀਤਾ ਜਾਂਦਾ ਹੈ ਅਤੇ ਬਾਅਦ ਵਿੱਚ ਉਹ ਅਪਰਾਧਿਕ ਮਾਮਲੇ ਵਿੱਚ ਬਰੀ ਹੋ ਜਾਂਦੇ ਹਨ ਅਤੇ ਵਿਭਾਗੀ ਜਾਂਚ ਵਿੱਚ ਵੀ ਉਨ੍ਹਾਂ ਖ਼ਿਲਾਫ਼ ਦੋਸ਼ ਸਾਬਤ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਵਿਚਕਾਰਲੇ ਸਮੇਂ ਦੀ ਪੂਰੀ ਤਨਖ਼ਾਹ ਤੇ ਭੱਤੇ ਦੇਣੇ ਹੋਣਗੇ।

ਅਦਾਲਤ ਨੇ ਸਪੱਸ਼ਟ ਕੀਤਾ ਕਿ ਅਜਿਹੇ ਮਾਮਲੇ ਵਿੱਚ 'ਕੰਮ ਨਹੀਂ ਤਾਂ ਤਨਖ਼ਾਹ ਨਹੀਂ' ਦਾ ਸਿਧਾਂਤ ਲਾਗੂ ਕਰਕੇ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਹੱਕ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ।

ਜਸਟਿਸ ਨਮਿਤ ਕੁਮਾਰ ਨੇ ਦੋ ਪੁਲੀਸ ਮੁਲਾਜ਼ਮਾਂ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਉਨ੍ਹਾਂ ਦੀ ਬਰਖ਼ਾਸਤਗੀ ਨੂੰ ਹੀ ਗ਼ੈਰਕਾਨੂੰਨੀ ਕਰਾਰ ਦਿੱਤਾ। ਅਦਾਲਤ ਨੇ ਕਿਹਾ ਕਿ ਪੰਜਾਬ ਪੁਲੀਸ ਨਿਯਮਾਂ ਅਤੇ ਸੰਵਿਧਾਨ ਦੀ ਧਾਰਾ 311(2)(ਬੀ) ਦਾ ਹਵਾਲਾ ਦੇ ਕੇ ਨਿਯਮਤ ਵਿਭਾਗੀ ਜਾਂਚ ਤੋਂ ਬਿਨਾਂ ਕੀਤੀ ਗਈ ਬਰਖ਼ਾਸਤਗੀ ਕਾਨੂੰਨ ਦੀ ਨਜ਼ਰ ਵਿੱਚ ਗ਼ਲਤ ਸੀ। ਇਸ ਲਈ ਇਸ ਮਗਰੋਂ ਤਨਖ਼ਾਹ ਨਾ ਦੇਣ ਦਾ ਫ਼ੈਸਲਾ ਵੀ ਜਾਇਜ਼ ਨਹੀਂ ਹੈ।

ਦੋਵਾਂ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ 'ਤੇ ਦੋਸ਼ ਸੀ ਕਿ ਉਨ੍ਹਾਂ ਨੇ ਚਰਸ ਲਿਜਾ ਰਹੇ ਕੁਝ ਵਿਅਕਤੀਆਂ ਤੋਂ 30 ਹਜ਼ਾਰ ਰੁਪਏ ਰਿਸ਼ਵਤ ਲਈ, ਉਨ੍ਹਾਂ ਨੂੰ ਜਾਣ ਦਿੱਤਾ ਅਤੇ ਨਸ਼ੀਲਾ ਪਦਾਰਥ ਆਪਣੇ ਕੋਲ ਰੱਖ ਲਿਆ। ਇਸ ਮਾਮਲੇ ਵਿੱਚ ਉਨ੍ਹਾਂ ਨੂੰ 10 ਮਈ 2015 ਨੂੰ ਵਿਭਾਗੀ ਜਾਂਚ ਤੋਂ ਬਿਨਾਂ ਬਰਖ਼ਾਸਤ ਕਰ ਦਿੱਤਾ ਗਿਆ ਸੀ।

ਸੰਗਰੂਰ ਦੇ ਵਿਸ਼ੇਸ਼ ਜੱਜ ਨੇ 28 ਅਪਰੈਲ 2017 ਨੂੰ ਦੋਵਾਂ ਨੂੰ ਬਰੀ ਕਰ ਦਿੱਤਾ। ਇਸ ਮਗਰੋਂ 9 ਅਕਤੂਬਰ 2017 ਨੂੰ ਉਨ੍ਹਾਂ ਦੀ ਬਰਖ਼ਾਸਤਗੀ ਦੇ ਹੁਕਮ ਰੱਦ ਕਰਕੇ ਮੁੜ ਨੌਕਰੀ 'ਤੇ ਬਹਾਲ ਕਰ ਦਿੱਤਾ ਗਿਆ ਅਤੇ ਨਿਯਮਤ ਵਿਭਾਗੀ ਜਾਂਚ ਦੇ ਹੁਕਮ ਦਿੱਤੇ ਗਏ। ਇਸ ਜਾਂਚ ਵਿੱਚ ਵੀ ਦੋਸ਼ ਸਾਬਤ ਨਹੀਂ ਹੋਏ ਅਤੇ 11 ਜੁਲਾਈ 2018 ਨੂੰ ਵਿਭਾਗੀ ਕਾਰਵਾਈ ਬੰਦ ਕਰ ਦਿੱਤੀ ਗਈ।

ਇਸ ਦੇ ਬਾਵਜੂਦ ਸਰਕਾਰ ਨੇ 10 ਮਈ 2015 ਤੋਂ 9 ਅਕਤੂਬਰ 2017 ਤੱਕ ਦੇ ਸਮੇਂ ਨੂੰ ਡਿਊਟੀ ਤੋਂ ਗ਼ੈਰਹਾਜ਼ਰੀ ਮੰਨਦਿਆਂ ਤਨਖ਼ਾਹ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਹਾਈ ਕੋਰਟ ਨੇ ਪੰਜਾਬ ਸਿਵਲ ਸੇਵਾਵਾਂ ਨਿਯਮਾਂ ਦੇ ਨਿਯਮ 7.3(2) ਦਾ ਹਵਾਲਾ ਦਿੰਦਿਆਂ ਕਿਹਾ ਕਿ ਪੂਰੀ ਤਰ੍ਹਾਂ ਦੋਸ਼ਮੁਕਤ ਹੋਏ ਮੁਲਾਜ਼ਮ ਨੂੰ ਪੂਰੀ ਤਨਖ਼ਾਹ ਅਤੇ ਭੱਤੇ ਮਿਲਣੇ ਚਾਹੀਦੇ ਹਨ ਅਤੇ ਗ਼ੈਰਹਾਜ਼ਰੀ ਦਾ ਸਮਾਂ ਹਰ ਮੰਤਵ ਲਈ ਡਿਊਟੀ ਮੰਨਿਆ ਜਾਣਾ ਚਾਹੀਦਾ ਹੈ।

ਅਦਾਲਤ ਨੇ ਇਹ ਵੀ ਕਿਹਾ ਕਿ ਇਸੇ ਐੱਫਆਈਆਰ ਵਿੱਚ ਨਾਮਜ਼ਦ ਇਕ ਹੋਰ ਮੁਲਾਜ਼ਮ ਨੂੰ ਵੀ ਬਰੀ ਹੋਣ ਮਗਰੋਂ ਅਜਿਹਾ ਲਾਭ ਦਿੱਤਾ ਗਿਆ ਸੀ। ਇਸ ਲਈ ਪਟੀਸ਼ਨਰਾਂ ਨਾਲ ਵੱਖਰਾ ਸਲੂਕ ਕਰਨਾ ਵਿਤਕਰੇ ਵਾਲਾ ਹੈ। ਹਾਈ ਕੋਰਟ ਨੇ ਸਰਕਾਰ ਨੂੰ ਤਿੰਨ ਮਹੀਨਿਆਂ ਅੰਦਰ ਪੂਰੀ ਤਨਖ਼ਾਹ, ਭੱਤੇ ਅਤੇ ਹੋਰ ਸਬੰਧਤ ਲਾਭ ਜਾਰੀ ਕਰਨ ਦੇ ਹੁਕਮ ਦਿੱਤੇ। ਇਸ ਦੇ ਨਾਲ ਹੀ ਪਟੀਸ਼ਨਰਾਂ ਨੂੰ 30 ਹਜ਼ਾਰ ਰੁਪਏ ਮੁਕੱਦਮੇ ਦਾ ਖ਼ਰਚਾ ਵੀ ਦੇਣ ਲਈ ਕਿਹਾ।

ਐੱਸ ਡੀ ਐੱਮ ਵੱਲੋਂ ਸਰਕਾਰੀ ਹਸਪਤਾਲ ਤੇ ਦਫ਼ਤਰਾਂ ਦਾ ਦੌਰਾ



ਰਤੀਆ, 28 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਤੀਆ ਦੇ ਐੱਸ ਡੀ ਐੱਮ ਸੁਰਿਦਰ ਸਿੰਘ ਨੇ ਵੱਖ-ਵੱਖ ਸਰਕਾਰੀ ਦਫ਼ਤਰਾਂ, ਸਿਹਤ ਕੇਂਦਰਾਂ, ਵਿਦਿਅਕ ਅਦਾਰਿਆਂ ਅਤੇ ਜਨਤਕ ਥਾਵਾਂ ਦਾ ਦੌਰਾ ਕਰ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਮਿਨੀ ਸਕੱਤਰੇਤ ਕੰਪਲੈਕਸ, ਅਨਾਜ ਮੰਡੀ, ਸਿਵਲ ਹਸਪਤਾਲ, ਕੇ ਟੀ ਕਾਲਜ ਅਤੇ ਸਹਨਾਲ ਰੋਡ ਸਥਿਤ ਵੱਖ-ਵੱਖ ਫ਼ਸਲ ਖਰੀਦ ਕੇਂਦਰਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਸਫ਼ਾਈ ਪ੍ਰਬੰਧਾਂ ਵਿੱਚ ਸੁਧਾਰ ਕਰਨ, ਦਰੱਖਤ ਛਾਂਗਣ ਅਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਮਿਨੀ ਸਕੱਤਰੇਤ ਕੰਪਲੈਕਸ ਦੇ ਨਿਰੀਖਣ ਦੌਰਾਨ ਐੱਸ ਡੀ ਐੱਮ ਨੇ ਸਮੁੱਚੇ ਕੰਪਲੈਕਸ ਵਿੱਚ ਸਫ਼ਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰੀ ਦਫ਼ਤਰਾਂ ਦੇ ਆਲੇ-ਦੁਆਲੇ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

ਇਸ ਮਗਰੋਂ ਐੱਸ ਡੀ ਐੱਮ ਨੇ ਰਤੀਆ ਦੀ ਅਨਾਜ ਮੰਡੀ ਅਤੇ ਸਹਨਾਲ ਰੋਡ ਸਥਿਤ ਵੱਖ-ਵੱਖ ਫ਼ਸਲ ਖਰੀਦ ਕੇਂਦਰਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਮੰਡੀਆਂ ਵਿੱਚ ਫ਼ਸਲਾਂ ਦੀ ਖਰੀਦ, ਚੁਕਾਈ, ਸਫ਼ਾਈ ਅਤੇ ਕਿਸਾਨਾਂ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਸਿਵਲ ਹਸਪਤਾਲ ਦਾ ਦੌਰਾ ਕਰਦਿਆਂ ਐੱਸ ਡੀ ਐੱਮ ਸੁਰਿਦਰ ਸਿੰਘ ਨੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ, ਹਸਪਤਾਲ ਦੀ ਸਫ਼ਾਈ, ਪਖਾਨਿਆਂ ਦੀ ਹਾਲਤ ਅਤੇ ਦਵਾਈਆਂ ਦੀ ਉਪਲਬਧਤਾ ਤੇ ਵੰਡ ਪ੍ਰਣਾਲੀ ਦੀ ਜਾਂਚ ਕੀਤੀ। ਐੱਸ ਡੀ ਐੱਮ ਨੇ

‘ਏਸ਼ੀਆ ਪਾਵਰ ਇੰਡੈਕਸ’ ’ਤੇ ਰਿਜਿਜੂ ਨੇ ਕਿਹਾ-’’ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ’ਚ ਭਾਰਤ ਕਾਫ਼ੀ ਅੱਗੇ ਵਧਿਆ’

ਕੌਮੀ ਪੜ੍ਹਿਕਾ

ਸ਼੍ਰੀਨਗਰ 28 ਨਵੰਬਰ। ’ਏਸ਼ੀਆ ਪਾਵਰ ਇੰਡੈਕਸ’ ’ਚ ਭਾਰਤ ਦੀ ਸਥਿਤੀ ਬਿਹਤਰ ਵਿਚਾਲੇ ਕੇਂਦਰੀ ਮੰਤਰੀ ਕਿਰੇਨ ਰਿਜਿਜੂ ਨੇ ਸੋਮਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਬਦਲ ਗਿਆ ਹੈ, ਅੱਗੇ ਵਧਿਆ ਹੈ ਅਤੇ ਕਾਫ਼ੀ ਤਰੱਕੀ ਕਰ ਚੁੱਕਿਆ ਹੈ। ਉਨ੍ਹਾਂ ਦੀ ਇਹ ਟਿੱਪਣੀ ਸੁਤੰਤਰ ਥਿੰਕ ਟੈਂਕ ਲੋਵੀ ਇੰਸਟੀਚਿਊਟ ਦੇ ਏਸ਼ੀਆ ਪਾਵਰ ਇੰਡੈਕਸ 2026 ਦੀ ਰਿਪੋਰਟ ਤੋਂ ਬਾਅਦ ਆਈ ਹੈ। ਜਿਸ ’ਚ ਕਿਹਾ ਗਿਆ ਹੈ ਕਿ ਭਾਰਤ ਨੇ ਏਸ਼ੀਆ ਦੇ ਤੀਜੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਵਜੋਂ ਆਪਣੀ ਸਥਿਤੀ ਨੂੰ ਮਜ਼ਬੂਤ ??ਕੀਤਾ ਹੈ ਅਤੇ ਉਹ ਇਕ ਪ੍ਰਮੁੱਖ ਸ਼ਕਤੀ ਬਣ ਕੇ ਉਭਰਿਆ ਹੈ ਰਿਜਿਜੂ ਨੇ ਕਿਹਾ,ਸਿਰਫ ਲੋਵੀ ਹੀ ਨਹੀਂ, ਸਗੋਂ ਕਈ ਗਲੋਬਲ ਰੇਟਿੰਗ ਏਜੰਸੀਆਂ ਨੇ ਭਾਰਤ ਨੂੰ ਆਰਥਿਕ, ਫੌਜੀ ਅਤੇ ਵਿੱਤੀ ਖੇਤਰਾਂ ’ਚ ਬਹੁਤ ਉੱਚ ਦਰਜਾ ਦਿੱਤਾ ਹੈ।’’ ਉਨ੍ਹਾਂ ਕਿਹਾ ਕਿ 12 ਸਾਲ ਪਹਿਲਾਂ, ਦੇਸ਼ ਦੀ ਰੈਂਕਿੰਗ ਕਾਫ਼ੀ ਹੇਠਾਂ ਹੁੰਦੀ ਸੀ ਪਰ ਹੁਣ ਭਾਰਤ ਅੱਗੇ ਵਧਿਆ ਹੈ ਅਤੇ



ਬਹੁਤ ਤਰੱਕੀ ਕਰ ਚੁੱਕਿਆ ਹੈ। ਉਨ੍ਹਾਂ ਕਿਹਾ,ਅੱਜ ਅਸੀਂ ਚੋਟੀ ਦੇ ਤਿੰਨ ਜਾਂ ਚਾਰ ਦੇਸ਼ਾਂ ’ਚ ਬਣੇ ਹੋਏ ਹਾਂ ਅਤੇ ਸਭ ਤੋਂ ਅੱਗੇ ਹਾਂ। ਅਸੀਂ ਯਕੀਨੀ ਤੌਰ ’ਤੇ ਚੋਟੀ ਦੇ 10 ਅਤੇ ਚੋਟੀ ਦੇ ਪੰਜ ਦੇਸ਼ਾਂ ’ਚ ਸ਼ਾਮਲ ਹਾਂ। ਭਾਰਤ ਹੁਣ ਬਦਲ ਗਿਆ ਹੈ। ਸਾਡੀ ਲੀਡਰਸ਼ਿਪ ਮਜ਼ਬੂਤ ਹੈ। ਰਿਜੀਜੂ ਨੇ ਕਿਹਾ ਕਿ ਵਿਰੋਧੀ ਧਿਰ ਕਈ ਤਰ੍ਹਾਂ ਦੀਆਂ ਗੱਲਾਂ ਕਰੇਗਾ, ਕਿਉਂਕਿ ਜ਼ਾਹਰ ਹੈ ਕਿ ਵਿਰੋਧੀ ਧਿਰ ਸਰਕਾਰ ਦੀ ਪ੍ਰਸ਼ੰਸਾ ਨਹੀਂ ਕਰ ਸਕਦਾ। ਉਨ੍ਹਾਂ ਕਿਹਾ,ਪਰ ਜੇਕਰ ਵਿਰੋਧੀ ਧਿਰ ਸਾਡੀ ਪ੍ਰਸ਼ੰਸਾ ਨਹੀਂ ਕਰਦਾ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਸਹੀ ਹਨ। ਉਨ੍ਹਾਂ ਨੂੰ ਬੋਲਣ ਦਾ ਅਧਿਕਾਰ ਹੈ, ਪਰ ਦੇਸ਼ ਬਦਲ ਗਿਆ ਹੈ। ਭਾਰਤ ਕਾਫੀ ਅੱਗੇ ਵਧ ਚੁੱਕਿਆ ਹੈ।’’ ਸੂਚਕਾਂਕ ਦੇ ਅਨੁਸਾਰ, ਇਸ ਸਾਲ ਭਾਰਤ ਨੇ ਏਸ਼ੀਆ ’ਚ ਇਕ ਵੱਡੀ ਸ਼ਕਤੀ ਵਜੋਂ ਆਪਣੀ ਸਥਿਤੀ ਨੂੰ ਮਜ਼ਬੂਤ ??ਕੀਤਾ ਅਤੇ ਇਸ ਦਾ ਪ੍ਰਭਾਵ ਵਧਿਆ। ਖੇਤਰੀ ਰੱਖਿਆ ਸਹਿਯੋਗ ’ਚ ਵਾਧਾ ਅਤੇ ਦੱਖਣ-ਪੂਰਬੀ ਏਸ਼ੀਆ ਨੂੰ ਬ੍ਰਹਿਮੋਸ ਮਿਜ਼ਾਈਲਾਂ ਦੀ ਵਿਕਰੀ ਨੇ ਭਾਰਤ ਦੇ ਰੱਖਿਆ ਨੈੱਟਵਰਕ ਨੂੰ ਮਜ਼ਬੂਤ ??ਕੀਤਾ। ਇਸ ਦੌਰਾਨ, ਸਥਿਰ ਵਪਾਰ ਅਤੇ ਨਿਵੇਸ਼ ਸਬੰਧਾਂ ਦੇ ਕਾਰਨ, ਭਾਰਤ ਉਨ੍ਹਾਂ ਕੁਝ ਦੇਸ਼ਾਂ ’ਚ ਸ਼ਾਮਲ ਰਿਹਾ ਜਿਨ੍ਹਾਂ ਦੇ ਆਰਥਿਕ ਸਬੰਧ ਪ੍ਰਭਾਵਿਤ ਨਹੀਂ ਰਹੇ। ਏਸ਼ੀਆ ਪਾਵਰ ਇੰਡੈਕਸ 2026 ਵਿੱਚ ਕਿਹਾ ਗਿਆ ਹੈ, ਭਾਰਤ ਦਾ ਕੂਟਨੀਤਕ ਪ੍ਰਭਾਵ ਬਰਕਰਾਰ ਰਿਹਾ। ਮਾਹਿਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਤੋਂ ਬਾਅਦ ਖੇਤਰ ’ਚ ਦੂਜੇ ਸਭ ਤੋਂ ਪ੍ਰਭਾਵਸ਼ਾਲੀ ਨੇਤਾ ਵਜੋਂ ਦਰਜਾ ਦਿੱਤਾ। ਹਾਲਾਂਕਿ, ਖਾੜੀ ਖੇਤਰ ਨਚ ਟਕਰਾਅ ਦੌਰਾਨ ਭਾਰਤ ਦੀ ਸੀਮਿਤ ਸ਼ਮੂਲੀਅਤ ਨੇ ਵਿਸ਼ਵ ਲੀਡਰਸ਼ਿਪ ਦੀ ਇਸ ਦੀ ਧਾਰਨਾ ਨੂੰ ਪ੍ਰਭਾਵਿਤ ਕੀਤਾ। ਆਉਣ ਵਾਲੀਆਂ ਲੱਦਾਖ ਕੌਂਸਲ ਚੋਣਾਂ ਲਈ ਭਾਜਪਾ ਦੀਆਂ ਤਿਆਰੀਆਂ ਬਾਰੇ ਪੁੱਛੇ ਜਾਣ ’ਤੇ, ਰਿਜਿਜੂ ਨੇ ਕਿਹਾ ਕਿ ਭਾਜਪਾ ਹਮੇਸ਼ਾ ਤਿਆਰ ਰਹਿੰਦੀ ਹੈ। ਉਨ੍ਹਾਂ ਕਿਹਾ, ਚੋਣਾਂ ਹੋਣ ਜਾਂ ਨਾ ਹੋਣ, ਭਾਜਪਾ ਹਮੇਸ਼ਾ ਤਿਆਰ ਰਹਿੰਦੀ ਹੈ। ਅਸੀਂ ਹਮੇਸ਼ਾ ਕੰਮ ਦੇ ਮੂਡ ’ਚ ਹਾਂ। ਭਾਜਪਾ ਵਰਕਰ ਕਦੇ ਵੀ ਆਰਾਮ ਨਹੀਂ ਕਰਦੇ।’’

ਕੇਰਲਮ : ਸਾਬਕਾ ਐਥਲੀਟ ਪਦਮਿਨੀ ਥਾਮਸ ਨੇ ਭਾਜਪਾ ਛੱਡੀ, ਕਾਂਗਰਸ ’ਚ ਪਰਤੇਗੀ

ਕੌਮੀ ਪੜ੍ਹਿਕਾ

ਤਿਰੂਵਨੰਤਪੁਰਮ, 28 ਨਵੰਬਰ। ਸਾਬਕਾ ਭਾਰਤੀ ਐਥਲੀਟ ਪਦਮਿਨੀ ਥਾਮਸ ਨੇ ਸ਼ੁੱਕਰਵਾਰ ਭਾਜਪਾ ਦੀ ਮੁਢਲੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਦੋਸ਼ ਲਾਇਆ ਕਿ ਪਾਰਟੀ ਨੇ ਉਨ੍ਹਾਂ ਨਾਲ ਕੀਤੇ ਵਾਅਦੇ ਨਹੀਂ ਨਿਭਾਏ। ਭਾਜਪਾ ਦੇ ਸੂਬਾਈ ਘੱਟ ਗਿਣਤੀ ਵਿੰਗ ਦੀ ਮੌਜੂਦਾ ਉਪ-ਪ੍ਰਧਾਨ ਥਾਮਸ ਨੇ ਕਿਹਾ ਕਿ ਉਨ੍ਹਾਂ ਪਾਰਟੀ ਦੇ ਸੂਬਾਈ ਪ੍ਰਧਾਨ ਰਾਜੀਵ ਚੰਦਰਸ਼ੇਖਰ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ। ਉਨ੍ਹਾਂ ਨਾਲ ਹੀ ਕਾਂਗਰਸ ਪਾਰਟੀ ’ਚ ਵਾਪਸੀ ਦਾ ਐਲਾਨ ਵੀ ਕੀਤਾ ਤੇ ਪਾਰਟੀ ਨੂੰ ਆਪਣਾ ਪਰਿਵਾਰ ਦੱਸਿਆ। ਕੁਝ ਦਿਨ ਪਹਿਲਾਂ ਸਥਾਨਕ ਅਦਾਰਿਆਂ ਦੀਆਂ ਚੋਣਾਂ ਹਾਰਨ ਵਾਲੀ ਥਾਮਸ ਨੇ ਕਿਹਾ ਕਿ ਉਹ ਖੇਡਾਂ ਜਾਂ ਸਿਆਸਤ ’ਚ ਯੋਗਦਾਨ ਪਾਉਣ ਦੀ ਉਮੀਦ ਨਾਲ ਭਾਜਪਾ ’ਚ ਸ਼ਾਮਲ ਹੋਈ ਸੀ ਪਰ ਪਾਰਟੀ ਨਾਲ ਆਪਣੇ ਦੋ ਸਾਲਾਂ ਦੇ ਸਹਿਯੋਗ ਦੌਰਾਨ ਅਜਿਹਾ ਕਰਨ ’ਚ ਅਸਮਰੱਥ ਰਹੀ। ਉਨ੍ਹਾਂ ਪੱਤਰਕਾਰਾਂ



ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਦੋਂ ਮੈਂ ਭਾਜਪਾ ’ਚ ਸ਼ਾਮਲ ਹੋਈ ਸੀ ਤਾਂ ਮੈਨੂੰ ਖੇਡਾਂ ਜਾਂ ਸਿਆਸਤ ’ਚ ਕੁਝ ਹਾਸਲ ਕਰਨ ਦੀ ਉਮੀਦ ਸੀ ਪਰ ਮੈਂ ਇਨ੍ਹਾਂ 2 ਸਾਲਾਂ ’ਚ ਕੁਝ ਵੀ ਕਰਨ ’ਚ ਅਸਮਰੱਥ ਰਹੀ ਹਾਂ। ਥਾਮਸ ਨੇ ਕਿਹਾ ਕਿ ਉਹ ਕਿਸੇ ਖਾਸ ਵਾਅਦੇ ਦੇ ਆਧਾਰ ’ਤੇ ਭਾਜਪਾ ’ਚ ਸ਼ਾਮਲ ਨਹੀਂ ਹੋਈ ਸੀ। ਭਾਜਪਾ ਲੀਡਰਸ਼ਿਪ ਵੱਲੋਂ ਉਨ੍ਹਾਂ ਨੂੰ ਸ਼ਾਮਲ ਹੋਣ ਤੋਂ ਬਾਅਦ ਕਈ ਭਰੋਸੇ ਦਿੱਤੇ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਪਾਰਟੀ ਨੇ ਮੇਰੇ ਨਾਲ ਵਿਧਾਨ ਸਭਾ ਚੋਣਾਂ ’ਚ ਟਿਕਟ ਜਾਂ ਖੇਡ ਖੇਤਰ ’ਚ ਇਕ ਅਹਿਮ ਅਹੁਦੇ ਦਾ ਵਾਅਦਾ ਕੀਤਾ ਸੀ ਪਰ ਕੋਈ ਵੀ ਪੂਰਾ ਨਹੀਂ ਕੀਤਾ ਗਿਆ। ਘੱਟ ਗਿਣਤੀ ਮੋਰਚਾ ਦੇ ਉਪ-ਪ੍ਰਧਾਨ ਵਜੋਂ ਆਪਣੇ ਮੌਜੂਦਾ ਅਹੁਦੇ ’ਤੇ ਰਹਿੰਦਿਆਂ ਉਨ੍ਹਾਂ ਨੂੰ ਯੋਗਦਾਨ ਪਾਉਣ ਦਾ ਕੋਈ ਮੌਕਾ ਨਹੀਂ ਮਿਲਿਆ।

ਡੀਆਰਡੀਓ ਨੇ ਲੇਜ਼ਰ ਆਧਾਰਤ ਡਰੋਨ ਸੰਚਾਰ ਪ੍ਰਣਾਲੀ ਨੂੰ ਓਲੀ ਡੌਟ ਸਪੇਸ ਨੂੰ ਦਿੱਤਾ ਠੇਕਾ

ਮੁੰਬਈ 28 ਨਵੰਬਰ। ਪੁਣੇ ਦੀ ਅਤਿ-ਆਧੁਨਿਕ ਤਕਨਾਲੋਜੀ ਕੰਪਨੀ ਓਲੀ ਡੌਟ ਸਪੇਸ ਨੂੰ ਰੱਖਿਆ ਮੰਤਰਾਲਾ ਦੇ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀਓ) ਤੋਂ ਡਰੋਨ ਲਈ ਲੇਜ਼ਰ-ਅਧਾਰਤ ਸੰਚਾਰ ਪ੍ਰਣਾਲੀ ਵਿਕਸਿਤ ਕਰਨ ਠੇਕਾ ਮਿਲਿਆ ਹੈ। ਕੰਪਨੀ ਨੇ ਕਿਹਾ ਕਿ ਇਸ ਇਕਰਾਰਨਾਮੇ ਦੇ ਤਹਿਤ, ਓਲੀ ਡੌਟ ਸਪੇਸ 18 ਮਹੀਨਿਆਂ ਦੇ ਅੰਦਰ ਜ਼ਮੀਨ ਅਤੇ ਹਵਾ ’ਚ ਇਸਤੇਮਾਲ ਹੋਣ ਵਾਲੇ ਸਵਦੇਸ਼ੀ ਤੌਰ ’ਤੇ ਵਿਕਸਿਤ ਐੱਫਐੱਸਓਸੀ (ਫ?ਰੀ ਸਪੇਸ ਆਪਟੀਕਲ ਕਮਿਊਨੀਕੇਸ਼ਨ) ਟਰਮੀਨਲਾਂ ਨੂੰ ਡਿਜ਼ਾਈਨ ਅਤੇ ਵਿਕਸਿਤ ਕਰੇਗਾ। ਇਨ੍ਹਾਂ ਟਰਮੀਨਲਾਂ ’ਚ ਲੇਜ਼ਰ ਕਿਰਨ ਨੂੰ ਸਹੀ ਦਿਸ਼ਾ ’ਚ ਕੇਂਦਰਿਤ ਕਰਨ, ਸੰਪਰਕ ਸਥਾਪਤ ਕਰਨ ਅਤੇ ਡਰੋਨ ਦੀ ਗਤੀ ਅਨੁਸਾਰ ਕਿਰਨ ਦੀ ਦਿਸ਼ਾ ਬਦਲਣ ਦੀ ਸਵੈਚਾਲਿਤ ਸਮਰੱਥਾ ਹੋਵੇਗੀ। ਕੰਪਨੀ ਦੇ ਅਨੁਸਾਰ, ਇਹ ਸਿਸਟਮ ਜ਼ਮੀਨ-ਅਧਾਰਤ ਸਟੇਸ਼ਨਾਂ ਅਤੇ ਉੱਡਣ ਵਾਲੇ ਡਰੋਨਾਂ ਵਿਚਕਾਰ ਸੁਰੱਖਿਅਤ, ਉੱਚ-ਗਤੀ ਡਾਟਾ ਐਕਸਚੇਂਜ ਨੂੰ ਸਮਰੱਥ ਬਣਾਏਗਾ। ਕੰਪਨੀ ਨੇ ਕਿਹਾ ਕਿ ਰੂਸ-ਯੂਕਰੇਨ ਯੁੱਧ ਦੌਰਾਨ, ਰੇਡੀਓ ਸੰਚਾਰ ’ਚ ਵਿਘਨ ਪਾਉਣ ਦੀ ਤਕਨਾਲੋਜੀ ਇੰਨੀ ਪ੍ਰਭਾਵਸ਼ਾਲੀ ਹੋ ਗਈ ਕਿ ਡਰੋਨਾਂ ਨੂੰ ਉਨ੍ਹਾਂ ਨਾਲ ਸੰਪਰਕ ਬਣਾਈ ਰੱਖਣ ਲਈ ਕਿਲੋਮੀਟਰ ਫਾਈਬਰ-ਆਪਟਿਕ ਕੇਬਲਾਂ ਨਾਲ ਲਗਾ ਕੇ ਉਡਾਇਆ ਜਾਣ ਲੱਗਾ। ਉਨ੍ਹਾਂ ਕਿਹਾ ਕਿ ਰੇਡੀਓ ਸਿਗਨਲਾਂ ’ਚ ਵਿਘਨ ਪਾ ਕੇ ਕੇਬਲ ਪ੍ਰਭਾਵਿਤ ਨਹੀਂ ਹੋ ਸਕਦੀ, ਪਰ ਇਹ ਡਰੋਨ ਦੀ ਉਡਾਣ ਸੀਮਾ ਨੂੰ ਸੀਮਿਤ ਕਰਦਾ ਹੈ ਅਤੇ ਕੇਬਲ ਦੇ ਉਲਝਣ ਜਾਂ ਟੁੱਟਣ ਦਾ ਜੋਖਮ ਪੈਦਾ ਕਰਦਾ ਹੈ। ਕੰਪਨੀ ਦੇ ਸਹਿ-ਸੰਸਥਾਪਕ ਜੇਮਜ਼ ਸੋਲੋਮਨ ਨੇ ਕਿਹਾ,ਚਲਦੇ ਡਰੋਨ ਨਾਲ ਲੇਜ਼ਰ ਸੰਪਰਕ ਬਣਾਈ ਰੱਖਣਾ ਸੰਚਾਰ ’ਚ ਸਭ ਤੋਂ ਮੁਸ਼ਕਲ ਚੁਣੌਤੀਆਂ ’ਚੋਂ ਇਕ ਹੈ। ਦੁਨੀਆ ਦੀਆਂ ਕੁਝ ਕੰਪਨੀਆਂ ਹੀ ਇਸ ਸਮਰੱਥਾ ’ਤੇ ਕੰਮ ਕਰ ਰਹੀਆਂ ਹਨ, ਅਤੇ ਓਲੀ ਸਪੇਸ ਉਨ੍ਹਾਂ ’ਚੋਂ ਇਕ ਹੈ। ਅਸੀਂ ਇਕ ਸਾਲ ਪਹਿਲਾਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਸੀ। ਇਹ ਇਕ ਸਵੈ-ਨਿਰਭਰ ਭਾਰਤ ਦੀ ਇਕ ਉਦਾਹਰਣ ਹੈ, ਜਿੱਥੇ ਅਤਿ-ਆਧੁਨਿਕ ਤਕਨਾਲੋਜੀ ਘਰੇਲੂ ਤੌਰ ’ਤੇ ਵਿਕਸਿਤ ਕੀਤੀ ਜਾ ਰਹੀ ਹੈ ਅਤੇ ਵਿਸ਼ਵ ਪੱਧਰ ’ਤੇ ਮੁਕਾਬਲਾ ਕੀਤਾ ਜਾ ਰਿਹਾ ਹੈ।

ਕਲੇਮ ਫਾਰਮ ਭਰਨ ਦਾ ਝੰਜਟ ਹੋਇਆ ਖ਼ਤਮ, ਸਿੱਧਾ ਬੈਂਕ ਖ਼ਾਤੇ ’ਚ ਆਵੇਗਾ ਪੈਸਾ

ਕੌਮੀ ਪੜ੍ਹਿਕਾ

ਬਿਜ਼ਨੈੱਸ ਡੈਸਕ 28 ਨਵੰਬਰ। ਉਨ੍ਹਾਂ ਕਰਮਚਾਰੀਆਂ ਲਈ ਰਾਹਤ ਦੀ ਖ਼ਬਰ ਹੈ ਜੋ ਬਿਮਾਰੀ ਜਾਂ ਦੁਰਘਟਨਾ ਕਾਰਨ ਕੰਮ ਕਰਨ ਤੋਂ ਅਸਮਰੱਥ ਹਨ। ਕਰਮਚਾਰੀ ਰਾਜ ਬੀਮਾ ਨਿਗਮ ਨੇ ਆਪਣੇ ਸਮਾਜਿਕ ਸੁਰੱਖਿਆ ਨਿਯਮਾਂ ਵਿੱਚ ਸੋਧ ਕੀਤੀ ਹੈ। ਨਵੇਂ ਨਿਯਮਾਂ ਤਹਿਤ ਉਹ ਕਰਮਚਾਰੀ ਜਿਹੜੇ ਬਿਮਾਰੀ, ਜਣੇਪਾ ਅਤੇ ਕੰਮ ਦੌਰਾਨ ਸੱਟਾਂ ਲੱਗਣ ਦੀ ਸਥਿਤੀ ਵਿਚ ਮਿਲਣ ਵਾਲਾ ਨਕਦ ਲਾਭ ਲੈਣ ਦੇ ਹੱਕਦਾਰ ਹੋਣਗੇ ਉਨ੍ਹਾਂ ਨੂੰ ਸਿੱਧੇ ਆਪਣੇ ਬੈਂਕ ਖਾਤਿਆਂ ਵਿੱਚ ਰਾਸ਼ੀ ਮਿਲ ਸਕੇਗੀ। ਮਹੱਤਵਪੂਰਨ ਗੱਲ ਇਹ ਹੈ ਕਿ, ਇੱਕ ਵੱਖਰਾ ਦਾਅਵਾ ਫਾਰਮ ਭਰਨ ਦੀ ਕੋਈ ਲੋੜ ਨਹੀਂ ਹੈ। ਭੁਗਤਾਨ ਸਿੱਧੇ ਲਾਭ ਟ?ਰਾਂਸਫਰ ਰਾਹੀਂ ਕੀਤੇ ਜਾਣਗੇ। ESIC ਨੇ ਕਰਮਚਾਰੀ ਰਾਜ ਬੀਮਾ (ਜਨਰਲ) ਨਿਯਮ, 2026 ਨੂੰ ਸੂਚਿਤ ਕੀਤਾ ਹੈ। ਇਹ ਨਿਯਮ 1950 ਤੋਂ ਪੁਰਾਣੇ ਨਿਯਮਾਂ ਦੀ ਥਾਂ ਲੈਂਦੇ ਹਨ। ਇਸ ਦਾ ਉਦੇਸ਼ ਕਰਮਚਾਰੀਆਂ ਦੇ ਸਮਾਜਿਕ ਸੁਰੱਖਿਆ ਲਾਭਾਂ ਦੀ ਪ੍ਰਕਿਰਿਆ ਨੂੰ ਸਰਲ ਅਤੇ ਤੇਜ਼



ਕਰਨਾ ਹੈ। ਇਹਨਾਂ ਸ਼ਰਤਾਂ ਨੂੰ ਪੂਰਾ ਕਰਨ ’ਤੇ, ਯੋਗਤਾ ਤਸਦੀਕ ਤੋਂ ਬਾਅਦ ਪੈਸੇ ਸਿੱਧੇ ਬੈਂਕ ਖਾਤੇ ਵਿੱਚ ਟ?ਰਾਂਸਫਰ ਕੀਤੇ ਜਾਣਗੇ। ਹਾਲਾਂਕਿ, ਕਰਮਚਾਰੀ ਆਪਣੇ ਦਾਅਵੇ ਔਨਲਾਈਨ ਜਾਂ ਹੋਰ ਉਪਲਬਧ ਸਾਧਨਾਂ ਰਾਹੀਂ ਵੀ ਦਾਇਰ ਕਰ ਸਕਦੇ ਹਨ ਜੇਕਰ ਉਹ ਚਾਹੁਣ। ਨਵੇਂ ਨਿਯਮ ਮਹਿਲਾ ਕਰਮਚਾਰੀਆਂ ਨੂੰ ਵੀ ਰਾਹਤ ਪ੍ਰਦਾਨ ਕਰਦੇ ਹਨ। ਸੰਭਾਵਿਤ ਡਿਲੀਵਰੀ ਮਿਤੀ ਤੋਂ ਪਹਿਲਾਂ ਜਣੇਪਾ ਲਾਭਾਂ ਲਈ ਅਰਜ਼ੀ ਦੇਣ ਦੀ ਆਖਰੀ ਮਿਤੀ 50 ਦਿਨਾਂ ਤੋਂ ਵਧਾ ਕੇ 56 ਦਿਨ ਕਰ ਦਿੱਤੀ ਗਈ ਹੈ। ਦੋ ਜਾਂ ਵੱਧ ਬਚੇ ਬੱਚਿਆਂ ਵਾਲੀਆਂ ਔਰਤਾਂ ਲਈ, ਇਹ ਮਿਆਦ 42 ਦਿਨ ਹੋਵੇਗੀ। ਕੰਮ ਦੌਰਾਨ ਕਿਸੇ ਹਾਦਸੇ ਕਾਰਨ ਕਿਸੇ ਕਰਮਚਾਰੀ ਦੀ ਅਸਥਾਈ ਜਾਂ ਸਥਾਈ ਅਪੰਗਤਾ ਜਾਂ ਮੌਤ ਦੀ ਸਥਿਤੀ ਵਿੱਚ, ਮਾਲਕ ਦੁਆਰਾ ਜਮ?ਹਾ ਕੀਤੀ ਗਈ ਦੁਰਘਟਨਾ ਰਿਪੋਰਟ ਨੂੰ ਦਾਅਵਾ ਮੰਨਿਆ ਜਾਵੇਗਾ। ਇਹ ਕਰਮਚਾਰੀ ਜਾਂ ਉਸਦੇ ਪਰਿਵਾਰ ਨੂੰ ਵੱਖਰਾ ਦਾਅਵਾ ਦਾਇਰ ਕਰਨ ਦੀ ਜ਼ਰੂਰਤ ਨੂੰ ਖਤਮ ਕਰ ਦੇਵੇਗਾ। ਇਸ ਤੋਂ ਇਲਾਵਾ, ਭਾਵੇਂ ਮਾਲਕ ਜਾਣਕਾਰੀ ਪ੍ਰਦਾਨ ਕਰਨ ਵਿੱਚ ਦੇਰੀ ਕਰਦਾ ਹੈ, ਕਰਮਚਾਰੀ ਦੇ ਲਾਭ ਰੋਕੇ ਨਹੀਂ ਜਾਣਗੇ। ESIC ਜ਼ਰੂਰੀ ਜਾਣਕਾਰੀ ਖੁਦ ਪ੍ਰਾਪਤ ਕਰ ਸਕੇਗਾ। ਨਵੇਂ ਨਿਯਮਾਂ ਅਨੁਸਾਰ, ਪੂਰਾ ਦਾਅਵਾ ਪ੍ਰਾਪਤ ਹੋਣ ’ਤੇ, ਬਿਮਾਰੀ ਲਾਭਾਂ ਦੀ ਪਹਿਲੀ ਕਿਸ਼ਤ ਸੱਤ ਦਿਨਾਂ ਦੇ ਅੰਦਰ ਅਤੇ ਜਣੇਪਾ ਲਾਭਾਂ ਦੀ ਪਹਿਲੀ ਕਿਸ਼ਤ 14 ਦਿਨਾਂ ਦੇ ਅੰਦਰ ਅਦਾ ਕੀਤੀ ਜਾਵੇਗੀ। ਜੇਕਰ DBT ਤਕਨੀਕੀ ਜਾਂ ਬੈਂਕਿੰਗ ਮੁੱਦਿਆਂ ਕਾਰਨ ਅਸਫਲ ਹੋ ਜਾਂਦਾ ਹੈ, ਤਾਂ ਇੱਕ ਵਿਕਲਪਿਕ ਭੁਗਤਾਨ ਵਿਧੀ ਵੀ ਉਪਲਬਧ ਹੋਵੇਗੀ।

ਨੇਤਰਹੀਣਾਂ ਨੂੰ ਉਤਪਾਦਾਂ ਦੀ ਪਛਾਣ ਕਰਨ ’ਚ ਹੋਵੇਗੀ ਆਸਾਨੀ

ਬਿਜ਼ਨੈੱਸ ਡੈਸਕ 28 ਨਵੰਬਰ। ਨੇਤਰਹੀਣ ਖਪਤਕਾਰਾਂ ਨੂੰ ਆਤਮਨਿਰਭਰ ਬਣਾਉਣ ਦੀ ਦਿਸ਼ਾ ’ਚ ਆਈ. ਟੀ. ਸੀ. ਲਿਮਟਿਡ ਨੇ ਅਹਿਮ ਪਹਿਲ ਕੀਤੀ ਹੈ। ਕੰਪਨੀ ਨੇ ਆਪਣੇ ਪ੍ਰਸਿੱਧ ਨਿੱਜੀ ਦੇਖਭਾਲ ਬ੍ਰਾਂਡ ਸੈਵਲੋਨ ਅਤੇ ਫਿਆਮਾ ਦੇ 16 ਉਤਪਾਦਾਂ ਦੀ ਪੈਕੇਜਿੰਗ ’ਤੇ ਬ੍ਰੇਲ ਲਿਪੀ ਦੀ ਸ਼ੁਰੂਆਤ ਕੀਤੀ ਹੈ। ਇਸ ਨਾਲ ਨੇਤਰਹੀਣ ਖਪਤਕਾਰ ਬਿਨਾਂ ਕਿਸੇ ਦੂਜੇ ਦੀ ਮਦਦ ਦੇ ਆਪਣੀ ਪਸੰਦ ਦੇ ਉਤਪਾਦ ਦੀ ਪਛਾਣ ਕਰ ਸਕਣਗੇ। ਕੰਪਨੀ ਨੇ ਸਾਲ 2018 ’ਚ ਸੈਵਲੋਨ ਬ੍ਰਾਂਡ ਦੇ ਨਾਲ ਦੇਸ਼ ’ਚ ਪਹਿਲੀ ਵਾਰ ਰੋਜ਼ਾਨਾ ਵਰਤੋਂ ਵਾਲੇ ਖਪਤਕਾਰ ਉਤਪਾਦਾਂ ’ਤੇ ਬ੍ਰੇਲ ਪੈਕੇਜਿੰਗ ਦੀ ਸ਼ੁਰੂਆਤ ਕੀਤੀ ਸੀ। ਹੁਣ ਇਸ ਪਹਿਲ ਦਾ ਵਿਸਥਾਰ ਫਿਆਮਾ ਬ੍ਰਾਂਡ ਤੱਕ ਕਰ ਦਿੱਤਾ ਗਿਆ ਹੈ। ਬ੍ਰੇਲ ਪਛਾਣ ਚਿੰਨ੍ਹ ਵਾਲੇ ਉਤਪਾਦਾਂ ’ਚ ਸੈਵਲੋਨ ਐਂਟੀਸੈਪਟਿਕ ਲਿਕਵਿਡ, ਵੈੱਟ ਵਾਈਪਸ, ਹੈਂਡਵਾਸ਼ ਪੰਪ ਅਤੇ ਫਿਆਮਾ ਸ਼ਾਵਰ ਜੈੱਲ ਸਮੇਤ ਹੋਰ ਉਤਪਾਦ ਸ਼ਾਮਲ ਹਨ। ਆਈ. ਟੀ. ਸੀ. ਦੇ ਨਿੱਜੀ ਦੇਖਭਾਲ ਉਤਪਾਦ ਕਾਰੋਬਾਰ ਦੇ ਡਿਵੀਜ਼ਨਲ ਮੁੱਖ ਕਾਰਜਕਾਰੀ ਸਮੀਰ ਸਤਪਥੀ ਨੇ ਕਿਹਾ ਕਿ ਖਪਤਕਾਰਾਂ ਨੂੰ ਸਹੀ ਹੈਂਡਵਾਸ਼ ਜਾਂ ਸ਼ਾਵਰ ਜੈੱਲ ਚੁਣਨ ਲਈ ਕਿਸੇ ਦੂਜੇ ’ਤੇ ਨਿਰਭਰ ਨਹੀਂ ਹੋਣਾ ਚਾਹੀਦਾ। ਪੈਕੇਜਿੰਗ ’ਤੇ ਉੱਭਰੇ ਹੋਏ ਬ੍ਰੇਲ ਬਿੰਦੂ ਨੇਤਰਹੀਣ ਲੋਕਾਂ ਨੂੰ ਉਤਪਾਦ ਦੀ ਪਛਾਣ ਕਰਨ ’ਚ ਮਦਦ ਕਰਨ ਦੇ ਨਾਲ ਉਨ੍ਹਾਂ ’ਚ ਆਤਮਵਿਸ਼ਵਾਸ ਅਤੇ ਆਜ਼ਾਦੀ ਦੀ ਭਾਵਨਾ ਵੀ ਵਧਾਉਂਦੇ ਹਨ।

ਦੀਵਾਲ